# ਰਾਜ ਵਿੱਚ ਜੀਣਾ

ਫ੍ਰੈਂਕਲਿਨ ਦੁਆਰਾ ਅਧਿਐਨ ਨੋਟਸ

ਸੁਰਗ ਦਾ ਰਾਜ ਉਸ **ਧਨ** ਵਰਗਾ ਹੈ ਜਿਹੜਾ ਖੇਤ ਵਿੱਚ ਲੁਕਿਆ ਹੋਇਆ ਸੀ ਜਿਸ ਨੂੰ ਇੱਕ ਮਨੁੱਖ ਨੇ ਲੱਭ ਕੇ ਲੁਕਾ ਰੱਖਿਆ ਅਤੇ ਖ਼ੁਸ਼ੀ ਦੇ ਮਾਰੇ ਉਹ ਨੇ ਜਾ ਕੇ ਆਪਣਾ **ਸਭ ਕੁਝ ਵੇਚ ਦਿੱਤਾ ਅਤੇ ਉਸ ਖੇਤ ਨੂੰ ਮੁੱਲ ਲੈ ਲਿਆ**। ਮੱਤੀ 13:44

ਫੇਰ ਸੁਰਗ ਦਾ ਰਾਜ ਇੱਕ ਬੁਪਾਰੀ ਵਰਗਾ ਹੈ ਜਿਹੜਾ ਚੰਗੇ ਮੋਤੀਆਂ ਨੂੰ **ਲੱਭਦਾ ਫਿਰਦਾ** ਸੀ।ਜਦ ਉਹ ਨੂੰ **ਇੱਕ ਮੋਤੀ ਭਾਰੇ ਮੁੱਲ ਦਾ ਮਿਲਿਆ** ਤਾਂ ਗਿਆ ਅਤੇ **ਆਪਣਾ ਸਭ ਕੁਝ ਵੇਚ ਕੇ ਉਹ ਨੂੰ ਮੁੱਲ ਲਿਆ।** ਮੱਤੀ 13:45-46

ਯਿਸੂ ਸਾਨੂੰ ਦੱਸਦਾ ਹੈ ਕਿ ਪਰਮੇਸ਼ੁਰ ਦਾ ਰਾਜ **ਬਹੁਤ ਹੀ ਬਹੁਮੁੱਲਾ** ਹੈ, ਸਿਰਫ ਲੱਭਣ ਤੇ ਹੀ ਮਿਲਦਾ ਹੈ, ਅਤੇ ਉਹ ਵਿਅਕਤੀ ਬੁੱਧੀਮਾਨ ਹੈ ਜੋ ਇਸ ਦੀ **ਕੀਮਤ ਨੂੰ ਜਾਣਦਾ** ਹੈ ਅਤੇ **ਇਸ ਨੂੰ ਪ੍ਰਾਪਤ ਕਰਨ ਲਈ ਬਾਕੀ ਸਭ ਕੁੱਝ ਛੱਡਣ ਲਈ ਤਿਆਰ** ਹੈ।

ਅਤੇ ਜੇ ਅਸੀਂ **ਪਹਿਲਾਂ** ਉਸਦੇ ਰਾਜ ਅਤੇ ਧਾਰਮਿਕਤਾ ਦੀ ਭਾਲ ਕਰੀਏ ਤਾਂ ਜੋ ਕੁੱਝ ਵੀ ਜੀਵਨ ਲਈ ਜ਼ਰੂਰੀ ਅਤੇ ਲੋੜੀਂਦਾ ਹੈ ਤੁਹਾਨੂੰ ਦਿੱਤਾ ਜਾਵੇਗਾ। ਮੱਤੀ 6:33

ਮਸਲਾ ਇਹ ਹੈ ਕਿ ਤੁਸੀਂ ਕਿਸ ਨੂੰ **ਪਿਆਰ** ਕਰਦੇ ਹੋ। ਮਸਲਾ ਇਹ ਹੈ ਕਿ ਤੁਹਾਡੇ ਲਈ ਕੀ **ਕੀਮਤੀ** ਹੈ। ਮਸਲਾ ਇਹ ਹੈ ਕਿ ਅਸਲ ਵਿੱਚ ਤੁਸੀਂ ਕੀ **ਇੱਛਾ** ਕਰਦੇ ਹੋ। ਇਹ **ਤਰਜੀਹਾਂ** ਦਾ ਮਸਲਾ ਹੈ।

- ਤੁਸੀਂ ਪਰਮੇਸ਼ੁਰ ਦੇ ਰਾਜ ਦੀ ਕਿੰਨੀ ਕਦਰ ਕਰਦੇ ਹੋ ?
- ਤੁਹਾਡੇ ਜੀਣ ਦੇ ਸੁਲੀਕੇ ਅਨੁਸਾਰ ਰਾਜ ਦੀ ਕੀ ਕੀਮਤ ਹੈ ?

ਪਰਮੇਸ਼ੁਰ ਦਾ ਰਾਜ ਪਰਤੱਖ ਹੋ ਕੇ ਨਹੀਂ ਆਉਂਦਾ . . . ਵੇਖੋ, **ਪਰਮੇਸ਼ੁਰ ਦਾ ਰਾਜ ਤੁਹਾਡੇ ਵਿੱਚੇ ਹੈ**। ਲੂਕਾ 17:20-21

- ਇਹ ਉਹ ਖੇਤਰ ਹੈ ਜਿੱਥੇ ਰਾਜੇ ਦਾ ਆਦਰ ਕੀਤਾ ਜਾਂਦਾ ਹੈ, ਉਸਦੀ ਪਾਲਣਾ ਕੀਤੀ ਜਾਂਦੀ ਹੈ ਅਤੇ ਉਸ ਨੂੰ ਗ੍ਰਹਿਣ ਕੀਤਾ ਜਾਂਦਾ ਹੈ।

ਅਤੇ ਜਦੋਂ ਪ੍ਰਭੂ ਯਿਸੂ ਮਸੀਹ ਨੂੰ ਪਿਆਰ ਕੀਤਾ ਜਾਂਦਾ ਹੈ, ਗ੍ਰਹਿਣ ਕੀਤਾ ਜਾਂਦਾ ਹੈ, ਆਦਰ ਕੀਤਾ ਜਾਂਦਾ ਹੈ ਅਤੇ ਉਸਦੀ ਪਾਲਣਾ ਕੀਤੀ ਜਾਂਦੀ ਹੈ, ਤਾਂ ਉਸਦਾ ਰਾਜ ਇਹ ਬਣ ਜਾਂਦਾ ਹੈ :

> ਤੁਹਾਡੇ ਜੀਵਨ ਦਾ ਅਧਾਰ---ਅਧਿਕਾਰ ਦਾ ਕੇਂਦਰ ਬਿੰਦੂ, ਸੇਧ ਦੇਣ ਵਾਲੀ ਤਾਕਤ ਅਤੇ ਜੋ ਕੁੱਝ ਤੁਸੀਂ ਚਹੁੰਦੇ ਹੋ ਅਤੇ ਜੋ ਕੁੱਝ ਤੁਸੀਂ ਕਰਦੇ ਹੋ ਉਸ ਲਈ ਪ੍ਰੇਰਣਾ ਸ਼ਕਤੀ ਬਣ ਜਾਂਦਾ ਹੈ।

ਕਿਉਂਕਿ ਰਾਜਾ ਇਸ ਲਈ ਆਇਆ ਹੈ ਕਿ ਅਸੀਂ ਜੀਵਨ ਪਾਈਏ ਅਤੇ ਚੋਖਾ ਪਾਈਏ।

ਇਸ ਲਈ ਅਸੀਂ ਜਿਸ ਰਾਜ ਵਿੱਚ ਬਣੇ ਰਹਿੰਦੇ ਹਾਂ, ਉਸ ਦਾ ਮਸਲਾ ਇਹ ਹੈ: ਤੁਸੀਂ ਕਿਹਨੂੰ ਅਤੇ ਕਿਸ ਚੀਜ ਨੂੰ ਪਿਆਰ ਕਰਦੇ ਹੋ - ਤੁਸੀਂ ਕਿਹਨੂੰ ਅਤੇ ਕਿਸ ਚੀਜ ਨੂੰ ਜ਼ਿਆਦਾ ਲੋਚਦੇ ਹੋ, ਇਹ ਗੱਲ ਨਿਰਧਾਰਿਤ ਕਰਦੀ ਹੈ ਕਿ ਤੁਸੀਂ ਕਿਸ ਰਾਜ ਵਿੱਚ ਬਣੇ ਰਹਿੰਦੇ ਹੋ।

ਜਿਵੇਂ ਯਿਸੂ ਨੇ ਕਿਹਾ:

**ਜੇ** ਤੁਸੀਂ ਮੈਨੂੰ ਪਿਆਰ ਕਰਦੇ ਹੋ ਤਾਂ ਮੇਰੇ ਹੁਕਮਾਂ ਦੀ ਪਾਲਨਾ ਕਰੋਗੇ । ਯੂਹੰਨਾ 14:15

1ਯੂਹੰਨਾ 2:15-16 **ਸੰਸਾਰ ਨਾਲ ਮੋਹ ਨਾ ਰੱਖੋ, ਨਾ ਉਨ੍ਹਾਂ ਵਸਤਾਂ ਨਾਲ ਜੋ ਸੰਸਾਰ ਵਿੱਚ ਹਨ।** ਜੇ ਕੋਈ ਸੰਸਾਰ ਨਾਲ ਮੋਹ ਰੱਖਦਾ ਹੋਵੇ ਤਾਂ ਉਹ ਦੇ ਵਿੱਚ ਪਿਤਾ ਦਾ ਪ੍ਰੇਮ ਨਹੀਂ । ਕਿਉਂਕਿ ਸੱਭੋ ਕੁਝ ਜੋ ਸੰਸਾਰ ਵਿੱਚ ਹੈ ਅਰਥਾਤ ਸਰੀਰ ਦੀ ਕਾਮਨਾ ਅਤੇ ਨੇਤਰਾਂ ਦੀ ਕਾਮਨਾ ਅਤੇ ਜੀਵਨ ਦਾ ਅਭਮਾਨ ਸੋ ਪਿਤਾ ਤੋਂ ਨਹੀਂ ਸਗੋਂ ਸੰਸਾਰ ਤੋਂ ਹੈ।

ਰੋਮੀਆਂ 14:17 ਕਿਉਂ ਜੋ **ਪਰਮੇਸ਼ੁਰ ਦਾ ਰਾਜ** ਖਾਣਾ ਪੀਣਾ ਨਹੀਂ ਸਗੋਂ ਪਵਿੱਤਰ ਆਤਮਾ ਵਿੱਚ **ਸ਼ਾਂਤੀ** ਅਤੇ **ਅਨੰਦ** ਹੈ।

- ਵਿਸ਼ਵਾਸੀ ਪਰਮੇਸ਼ੁਰ ਦੇ ਰਾਜ ਵਿੱਚ ਧਾਰਮਿਕਤਾ (ਸਹੀ ਜੀਣਾ – ਰਾਜੇ ਦੀ ਪਾਲਣਾ ਕਰਨਾ) ਦੁਆਰਾ ਜੀਵਤ ਰਹਿੰਦਾ ਅਤੇ ਬਣਿਆ ਰਹਿੰਦਾ ਹੈ ਜਿਸਦਾ ਨਤੀਜ਼ਾ ਸ਼ਾਂਤੀ ਅਤੇ ਆਨੰਦ ਹੁੰਦਾ ਹੈ।

**ਜ਼ਬੂਰ 15** ਹੇ ਯਹੋਵਾਹ, **ਤੇਰੇ ਡੇਹਰੇ ਵਿੱਚ ਕੌਣ ਟਿਕੇਗਾ**? ਤੇਰੇ ਪਵਿੱਤਰ ਪਹਾੜ ਉੱਤੇ ਕੌਣ ਵੱਸੇਗਾ? ਉਹੋ ਜਿਹੜਾ **ਸਿੱਧੀ ਚਾਲ ਚੱਲਦਾ**, **ਨੇਕੀ ਕਰਦਾ**, ਅਤੇ ਮਨੋਂ **ਸੱਚ ਬੋਲਦਾ** ਹੈ, ਉਹ ਜਿਹੜਾ ਆਪਣੀ **ਜੀਭ ਨਾਲ ਚੁਗਲੀ ਨਹੀਂ ਕਰਦਾ**, ਨਾ ਆਪਣੇ ਸਾਥੀ ਦਾ **ਬੁਰਾ ਕਰਦਾ**, ਅਤੇ ਨਾ ਆਪਣੇ ਗੁਆਂਢੀ ਨੂੰ ਉਲਾਹਮਾ ਦਿੰਦਾ ਹੈ । ਜਿਹ ਦੀਆਂ ਅੱਖਾਂ ਵਿੱਚ **ਖੋਟਾ ਮਨੁੱਖ ਤੁੱਛ ਹੈ**, ਪਰ ਯਹੋਵਾਹ ਤੋਂ ਭੈ ਕਰਨ ਵਾਲਿਆਂ ਦਾ **ਆਦਰ ਕਰਦਾ** ਹੈ । ਜਿਹੜਾ **ਸੌਂਹ ਖਾ ਕੇ ਮੁੱਕਰਦਾ ਨਹੀਂ, ਭਾਵੇਂ ਉਹ ਨੂੰ ਘਾਟਾ ਵੀ ਪਵੇ**, ਉਹ ਜਿਹੜਾ ਦੇ ਲਈ ਆਪਣੀ **ਚਾਂਦੀ ਨਹੀਂ ਦਿੰਦਾ**, ਅਤੇ ਨਾ ਨਿਰਦੋਸ਼ ਦੇ ਵਿਰੁੱਧ ਵੱਢੀ ਲੈਂਦਾ ਹੈ, ਜਿਹੜਾ ਏਹ ਕਰਦਾ ਹੈ ਉਹ ਕਦੀ ਵੀ ਨਹੀਂ ਡੋਲੇਗਾ।

ਜ਼ਬੂਰ 97:2 **ਧਰਮ** ਅਤੇ **ਨਿਆਉਂ** ਉਹ ਦੀ ਰਾਜ ਗੱਦੀ ਦੀ ਨੀਂਹ ਹਨ।

- **ਇਸ ਜਗਤ ਦੇ ਰਾਜ** ਇਸ ਜਗਤ ਦੇ ਰਾਜ ਕੁਮਾਰ ਦੇ ਅਧਿਕਾਰ ਹੇਠਾਂ ਹਨ ਅਤੇ ਉਸਦੇ ਹਨ (ਅਫਸੀਆਂ 2:2-3,ਲੂਕਾ 4:5-8)
- ਜਿਵੇਂ **ਸ਼ਤਾਨ** ਨੇ ਸਾਡੇ ਪ੍ਰਭੂ ਯਿਸੂ ਨੂੰ ਪਰਖਿਆ ਉਸੇ ਤਰ੍ਹਾਂ **ਸਾਨੂੰ ਵੀ ਪਰਖਦਾ ਹੈ** ਕਿ ਅਸੀਂ ਇਸ ਜਗਤ ਦੇ ਸਿਧਾਂਤਾਂ ਅਨੁਸਾਰ ਜੀਵੀਏ। ਅਤੇ ਉਹ ਬਹੁਤ ਸਾਰੇ ਲੈਣ ਵਾਲਿਆਂ ਨੂੰ ਲੱਭਦਾ ਹੈ।
- ਤੁਸੀਂ ਕਿਸ ਰਾਜ ਵਿੱਚ ਰਹਿੰਦੇ ਹੋ ਇਹ ਇਸ ਗੱਲ ਦੁਆਰਾ ਨਿਰਧਾਰਿਤ ਹੁੰਦਾ ਹੈ ਕਿ ਤੁਸੀਂ ਕਿਸ ਰਾਜ ਦੇ ਕਨੂੰਨਾ ਅਤੇ ਸਿਧਾਂਤਾਂ ਨੂੰ ਸਵੀਕਾਰ ਕਰਦੇ ਅਤੇ ਜਿਉਂਦੇ ਹੋ। **ਫੈਸਲਾ ਤੁਹਾਡਾ ਹੈ।**
    - ਲੂਕਾ 6:46 ਤੁਸੀਂ ਮੈਨੂੰ ਪ੍ਰਭੂ, ਪ੍ਰਭੂ ਕਰਕੇ ਕਿਉਂ ਪੁਕਾਰਦੇ ਹੋ ਪਰ ਜੋ ਮੈਂ ਕਹਿੰਦਾ ਹਾਂ ਸੋ ਨਹੀਂ ਕਰਦੇ?
    - ਮੱਤੀ 6:24 ਕੋਈ ਮਨੁੱਖ ਦੋ ਮਾਲਕਾਂ ਦੀ ਸੇਵਾ ਨਹੀਂ ਕਰ ਸੱਕਦਾ . . .

ਇਨ੍ਹਾਂ ਦੋ ਰਾਜਾਂ ਦੇ ਵਿਖੇ ਯਿਸੂ ਇਸ ਤਰੀਕੇ ਨਾਲ ਬਿਆਨ ਕਰਦਾ ਹੈ। ਭੀੜੇ ਫਾਟਕ ਤੋਂ ਵੜੋ ਕਿਉਂ ਜੋ **ਮੋਕਲਾ** ਹੈ ਉਹ ਫਾਟਕ ਅਤੇ **ਖੁੱਲ੍ਹਾ** ਹੈ ਉਹ ਰਾਹ ਜਿਹੜਾ **ਨਾਸ** ਨੂੰ ਜਾਂਦਾ ਹੈ ਅਰ ਬਹੁਤੇ ਹਨ ਜਿਹੜੇ ਉਸ ਤੋਂ ਜਾਂਦੇ ਹਨ । ਅਤੇ **ਭੀੜਾ** ਹੈ ਉਹ ਫਾਟਕ ਅਤੇ **ਸੌੜਾ** ਹੈ ਉਹ ਰਾਹ ਜਿਹੜਾ **ਜੀਉਣ** ਨੂੰ ਜਾਂਦਾ ਹੈ ਅਤੇ **ਜੋ ਉਸ ਨੂੰ ਲੱਭਦੇ ਹਨ ਸੋ ਵਿਰਲੇ ਹਨ** । ਮੱਤੀ 7:13-14

## ਦੋ ਮਾਰਗ – ਦੋ ਪ੍ਰਕਾਰ ਦਾ ਜੀਣਾ – ਦੋ ਮੰਜਿਲਾਂ

ਤੁਸੀਂ ਇੱਕ ਰਾਜ ਦੀਆਂ ਬਰਕਤਾਂ ਅਤੇ ਫਲਾਂ ਦੀ ਆਸਾ ਨਹੀਂ ਕਰ ਸਕਦੇ ਜਦੋਂਕਿ ਕਿਸੇ ਦੂਸਰੇ ਦੇ ਤਰੀਕਿਆਂ ਅਨੁਸਾਰ ਜਿਉਂਦੇ ਹੋ।

ਲੋਕਾਂ ਦੀ ਵੱਡੀ ਗਿਣਤੀ ਇਸ ਜਗਤ ਦੇ ਰਾਜ ਵਿੱਚ ਰਹਿੰਦੀ ਹੈ, ਇਸਦੇ ਅਧਿਕਾਰ ਅਧੀਨ ਅਤੇ ਇਸ ਦੇ ਤਰੀਕਿਆਂ ਦੇ ਅਨੁਸਾਰ। ਨਾਸਤਿਕਾਂ, ਗਿਆਨਵਾਦੀਆਂ, ਅਤੇ ਸਾਰੇ ਧਰਮਾਂ ਤੋਂ ਹਰ ਇੱਕ "ਚੌੜੇ ਦਰਵਾਜੇ" ਨੂੰ ਸਵੀਕਾਰ ਕਰਦਾ ਹੈ ਅਤੇ ਖੁੱਲਾ ਰਾਹ ਉਨ੍ਹਾਂ ਨੂੰ ਪਰਵਾਨਗੀ ਦਿੰਦਾ ਹੈ ਕਿ ਉਹ ਆਪਣੀਆਂ ਗੱਲਾਂ ਪਿੱਛੇ ਚੱਲਣ ਅਤੇ ਉਨ੍ਹਾਂ ਨੂੰ ਕਰਨ।

- ਲੂਕਾ 9: 24 ਕਿਉਂਕਿ ਜਿਹੜਾ ਆਪਣੀ ਜਾਨ ਬਚਾਉਣੀ ਚਾਹੇ ਉਹ ਉਸ ਨੂੰ ਗੁਆਵੇਗਾ।

ਅਤੇ ਬਹੁਤ ਘੱਟ ਹਨ ਜੋ "ਭੀੜੇ ਰਾਹ" ਦੁਆਰਾ ਪ੍ਰਵੇਸ਼ ਕਰਨਾ ਚਹੁੰਦੇ ਹਨ ਅਤੇ ਰਾਜੇ ਅਤੇ ਉਸਦੇ ਰਾਜ ਦੇ ਪਿੱਛੇ ਚੱਲਣਾ ਚਹੁੰਦੇ ਹਨ।

- ਲੂਕਾ 9: 24 ਕਿਉਂਕਿ ਜਿਹੜਾ ਆਪਣੀ ਜਾਨ ਨੂੰ ਮੇਰੇ ਲਈ ਗੁਆਵੇ ਉਹ ਸੱਚਾ ਜੀਵਨ ਪ੍ਰਾਪਤ ਕਰੇਗਾ। NLT

ਦੋ ਮਾਰਗ . . . . .

ਉਹ ਮਾਪੇ ਜਿਹੜੇ ਇੱਕ ਪੈਰ ਪਰਮੇਸ਼ੁਰ ਦੇ ਰਾਜ ਅਤੇ ਇੱਕ ਪੈਰ ਇਸ ਜਗਤ ਵਿੱਚ ਰੱਖਦੇ ਹੋਏ ਔਸਤਨ ਸੀਲਗਰਮ ਧਰਮੀ ਜੀਵਨ ਜੀਉਂਦੇ ਹਨ, ਉਹ ਆਮ ਤੌਰ 'ਤੇ ਪ੍ਰਭੂ ਲਈ ਆਪਣੇ ਬੱਚਿਆਂ ਦੇ ਸਮਰਪਣ ਨੂੰ ਠੰਡਾ ਹੁੰਦਾ ਦੇਖਦੇ ਹਨ।

ਮੈਂ ਤੇਰੇ ਕੰਮਾਂ ਨੂੰ ਜਾਣਦਾ ਹਾਂ ਭਈ **ਤੂੰ ਨਾ ਤਾਂ ਠੰਡਾ ਹੈਂ ਨਾ ਤੱਤਾ**। ਮੈਂ ਚਾਹੁੰਦਾ ਸਾਂ ਜੋ ਤੂੰ ਠੰਡਾ ਯਾ ਤੱਤਾ ਹੁੰਦਾ! ਸੋ **ਤੂੰ ਸੀਲਗਰਮ** ਜੋ ਹੈਂ, ਨਾ ਤੱਤਾ ਨਾ ਠੰਡਾ, ਇਸ ਕਾਰਨ ਮੈਂ ਤੈਨੂੰ ਆਪਣੇ ਮੂੰਹ ਵਿੱਚੋਂ ਉਗਲ ਸੁੱਟਾਂਗਾ। ਪਰਕਾਸ਼ ਦੀ ਪੋਥੀ 3:15-16

ਸੀਲਗਰਮ ਮਾਪਿਆਂ ਦੇ ਨਤੀਜ਼ੇ ਹਨ : ਮੱਤੀ 24
(3) ਚੇਲੇ ਆਏ ਅਤੇ ਪੁੱਛਿਆ, ਸਾਨੂੰ ਦੱਸ . . . ਤੇਰੇ ਆਉਣ ਅਰ ਜੁਗ ਦੇ ਅੰਤ ਦਾ ਕੀ ਲੱਛਣ ਹੋਊ? (4) ਯਿਸੂ ਨੇ ਉਨ੍ਹਾਂ ਨੂੰ ਉੱਤਰ ਦਿੱਤਾ . . . (12) ਅਤੇ **ਕੁਧਰਮ** ਦੇ **ਵਧਣ** ਕਰਕੇ **ਬਹੁਤਿਆਂ ਦੀ ਪ੍ਰੀਤ ਠੰਢੀ** ਹੋ ਜਾਵੇਗੀ।

ਜਿਵੇਂ ਉਨ੍ਹਾਂ ਦਾ ਪਿਆਰ ਇਸ ਜਗਤ ਲਈ ਅਤੇ ਇਸਦੇ ਮਾਰਗਾਂ ਲਈ ਵਧਦਾ ਜਾਂਦਾ ਹੈ।

ਬਹੁਤ ਸਾਰੇ ਲੋਕ **"ਚੌੜੇ ਦਰਵਾਜ਼ੇ"** ਅਤੇ ਇਸ ਜਗਤ ਦੇ **"ਖੁੱਲੇ ਰਾਹ"** ਨੂੰ ਗ੍ਰਹਿਣ ਕਰਦੇ ਅਤੇ ਫੈਸਲਾ ਕਰਨ ਦੁਆਰਾ ਭੀੜ ਦੇ ਪਿੱਛੇ ਚੱਲਦੇ ਹੋਏ ਆਪਣੇ ਜੀਵਨ ਵਿੱਚ ਸਮੱਸਿਆਂ, ਜਖ਼ਮ ਅਤੇ ਦੁੱਖ ਨੂੰ ਲਿਆਉਂਦੇ ਹਨ। ਉਸ ਦੇ ਨਾਲ ਨਾਲ ਸ਼ਾਇਦ ਜਿਸ ਨੂੰ ਉਹ **"ਮਜ਼ਾ"** ਸਮਝਦੇ ਹਨ ਨਹੀਂ ਜਾਣਦੇ ਕਿ ਉਹ "**ਵਿਨਾਸ਼ ਵੱਲ ਲਿਜਾਂਦਾ ਹੈ**।"

- ਜਦੋਂ ਅਸੀਂ ਖੁੱਲ੍ਹੇ ਅਤੇ ਆਸਾਨ ਰਾਹ ਨੂੰ ਚੁਣਿਆ, ਤਾਂ ਸੰਸਾਰ ਦੇ ਰਾਹ ਅਨੁਸਾਰ ਚੱਲਣ ਦੇ ਕਰਨ ਸਾਨੂੰ ਸਾਰਿਆਂ ਨੂੰ ਦੁੱਖ, ਸਮੱਸਿਆਵਾਂ, ਦਰਦ ਅਤੇ ਜਖਮਾਂ ਦੇ ਨਿਸ਼ਾਨ ਮਿਲੇ ਹਨ।

ਹਰ ਇੱਕ ਪੀੜ੍ਹੀ ਨੂੰ **ਆਗੂਆਂ** ਦੀ ਲੋੜ ਹੈ ਜੋ ਚੋਣ ਕਰੇਗਾ ਅਤੇ ਦੂਸਰਿਆਂ ਦੀ "**ਭੀੜੇ ਰਾਹ ਵਿੱਚ ਜੀਵਨ ਵੱਲ ਜਾਂਦਾ ਹੈ**" ਅਗਵਾਈ ਕਰੇਗਾ, ਜਿਵੇਂ **ਮੂਸਾ** ਨੇ ਕੀਤਾ ਜਿਸਨੇ ਫ਼ਿਰਊਨ ਦੀ ਧੀ ਦਾ ਪੁੱਤਰ ਅਖਵਾਉਣ ਤੋਂ **ਇਨਕਾਰ ਕੀਤਾ**, (ਜਗਤ ਪ੍ਰਬੰਧ ਵਿੱਚ ਭਲੇ ਸਥਾਨ ਨੂੰ ਗ੍ਰਿਹਣ ਕਰਨਾ) ਇਸ ਦੀ ਬਜਾਏ ਉਹ ਨੇ **ਥੋੜੇ ਸਮੇਂ ਦੇ** ਪਾਪ ਦੇ ਭੋਗ ਬਿਲਾਸ ਨਾਲੋਂ ਪਰਮੇਸ਼ੁਰ ਦੀ ਪਰਜਾ ਨਾਲ **ਜਬਰੀ ਝੱਲਣ** ਨੂੰ ਬਾਹਲਾ ਪਸੰਦ ਕੀਤਾ। ਇਬਰਾਨੀਆਂ 11:24-25

ਮੂਸਾ ਅਤੇ ਯਹੋਵਾਹ ਦੇ ਲੋਕ ਮਿਸਰ ਵਿੱਚ ਰਹਿੰਦੇ ਸਨ – ਇਸ ਜਗਤ ਦੇ ਰਾਜ ਦੀ ਇੱਕ ਕਿਸਮ। ਫ਼ਿਰਊਨ ਦੇ ਅਧਿਕਾਰ ਦੇ ਅਧੀਨ – ਸ਼ਤਾਨ ਦੀ ਇੱਕ ਕਿਸਮ ਦੇ ਵਾਂਗ।

- ਅਸੀਂ ਸਭ ਇਸ ਵਿੱਚ ਅਤੇ ਇਸ ਦੁਆਰਾ ਰਹਿ ਚੁੱਕੇ ਹਾਂ ਅਤੇ ਜਗਤ ਦੇ ਰਾਜ ਦੇ ਤੌਰ ਤਰੀਕਿਆਂ ਤੋਂ ਚੰਗੀ ਤਰ੍ਹਾਂ ਵਾਕਿਫ਼ ਹਾਂ।

- ਜਿਵੇਂ ਅਸੀਂ ਇਸ ਵਿੱਚ ਪੈਦਾ ਹੋਏ ਅਤੇ ਵਧੇ ਹਾਂ, ਅਸੀਂ ਸੁਭਾਵਿਕ ਤੌਰ 'ਤੇ ਅਤੇ ਅਰਾਮ ਨਾਲ ਜਗਤ ਦੇ ਮਾਰਗਾਂ ਵਿੱਚ ਚੱਲਦੇ ਹਾਂ ਅਤੇ ਇਸ ਦੇ ਚੁਣਾਵਾਂ ਦੁਆਰਾ ਚੰਗੀ ਤਰ੍ਹਾਂ ਨਾਲ ਇਸ ਦੇ ਤਰੀਕਿਆਂ ਵਿੱਚ ਤਿਆਰ ਹੋ ਚੁੱਕੇ ਹਾਂ। ਇਹ ਸਾਡੇ ਖ਼ੂਨ ਵਿੱਚ ਹੈ।

ਯਹੋਵਾਹ ਨੇ ਉਨ੍ਹਾਂ ਨੂੰ ਆਪਣੀ ਮਹਾਨ ਸ਼ਕਤੀ ਦੁਆਰਾ **ਛੁਡਾਇਆ** ਅਤੇ ਜਿਵੇਂ ਉੱਪਰ ਬਚਨ ਵਿੱਚ ਦੇਖਿਆ ਹੈ ਉਸ ਨੇ ਆਪਣੇ ਸੇਵਕ ਮੂਸਾ ਦੁਆਰਾ ਜੋ ਆਪਣੇ **ਫੈਸਲੇ** ਦੁਆਰਾ ਅਗੁਆ ਬਣਨ ਦੇ **ਯੋਗ ਹੋਇਆ**, ਉਸ ਨੇ **ਅਜ਼ਾਦੀ** ਵੱਲ ਉਨ੍ਹਾਂ ਦੀ ਅਗਵਾਈ ਕੀਤੀ।

- ਅੱਜ ਵੀ ਪਰਮੇਸ਼ੁਰ ਐਸੇ ਆਗੂਆਂ ਦੀ ਭਾਲ ਕਰ ਰਿਹਾ ਹੈ। ਉਹ ਤੁਹਾਡੇ ਵੱਲ ਦੇਖ ਰਿਹਾ ਹੈ।

ਉਸ ਨੇ "ਭੀੜੇ ਮਾਰਗ" ਵਿੱਚ ਉਨ੍ਹਾਂ ਦੀ ਮੰਜ਼ਿਲ ਵੱਲ ਉਨ੍ਹਾਂ ਦੀ ਅਗਵਾਈ ਕੀਤੀ – **ਵਾਇਦੇ ਦਾ ਦੇਸ** ਜੋ **ਪਰਮੇਸ਼ੁਰ ਦੇ ਰਾਜ** ਦੀ ਇੱਕ **ਕਿਸਮ ਹੈ** ਜੋ **ਬਹੁਤ ਹੀ ਚੰਗਾ** ਦੇਸ ਹੈ ਕੀਤੀ। **ਜੇ** ਯਹੋਵਾਹ **ਸਾਡੇ ਨਾਲ ਪਰਸੰਨ ਹੈ** ਤਾਂ ਉਹ ਸਾਨੂੰ ਏਸ ਧਰਤੀ ਵਿੱਚ ਲੈ ਜਾਵੇਗਾ ਅਤੇ **ਸਾਨੂੰ ਦੇ ਦੇਵੇਗਾ**। ਉਹ ਇੱਕ ਧਰਤੀ ਹੈ ਜਿਹ ਦੇ ਵਿੱਚ **ਦੁੱਧ ਅਤੇ ਸ਼ਹਿਤ** ਵਗਦਾ ਹੈ। 9 ਕੇਵਲ ਨਾ ਤਾਂ ਤੁਸੀਂ ਯਹੋਵਾਹ ਦੇ ਵਿਰੁੱਧ **ਆਕੀ** ਹੋਵੋ, **ਨਾ ਹੀ ਤੁਸੀਂ ਉਸ ਦੇਸ ਦੇ ਲੋਕਾਂ ਤੋਂ ਡਰੋ** ਕਿਉਂ ਜੋ ਓਹ ਤਾਂ ਸਾਡੀ ਇੱਕ ਬੁਰਕੀ ਹੀ ਹਨ। ਓਹਨਾਂ ਦੀ ਰੱਛਿਆ ਓਹਨਾਂ ਦੇ ਉੱਤੋਂ ਜਾਂਦੀ ਰਹੀ ਹੈ ਅਤੇ ਯਹੋਵਾਹ ਸਾਡੇ ਨਾਲ ਹੈ! ਓਹਨਾਂ ਤੋਂ ਤੁਸੀਂ ਨਾ ਡਰੋ! ਗਿਣਤੀ 14:7-9

ਕੂਚ 23:20-33 ਵੇਖੋ **ਮੈਂ** ਇੱਕ ਦੂਤ ਤੁਹਾਡੇ ਅੱਗੇ ਘੱਲਦਾ ਹਾਂ ਕਿ ਉਹ ਤੁਹਾਡੇ ਰਾਹ ਵਿੱਚ **ਤੁਹਾਡੀ ਰਾਖੀ ਕਰੇ** ਅਤੇ ਤੁਹਾਨੂੰ ਉਸ ਅਸਥਾਨ ਨੂੰ ਜਿਹੜਾ **ਮੈਂ** ਤਿਆਰ ਕੀਤਾ ਹੈ **ਲੈ ਜਾਵੇ**। (21) ਉਸ ਦੇ ਅੱਗੇ ਚੌਕਸ ਰਹੋ ਅਤੇ ਉਸ ਦੀ ਅਵਾਜ਼ ਨੂੰ **ਸੁਣੋ** ਅਤੇ ਉਹ ਨੂੰ ਨਾ ਛੇੜੋ ਕਿਉਂ ਜੋ ਉਹ ਤੁਹਾਡੇ ਅਪਰਾਧ ਨੂੰ ਨਹੀਂ ਬਖ਼ਸ਼ੇਗਾ ਏਸ ਲਈ ਭਈ ਮੇਰਾ ਨਾਮ ਉਸ ਵਿੱਚ ਹੈ। (22) ਸਗੋਂ ਜੇ ਤੁਸੀਂ ਸੱਚ ਮੁੱਚ ਉਸ ਦੀ ਅਵਾਜ਼ ਨੂੰ **ਸੁਣੋ** ਅਤੇ ਜੋ ਕੁਝ ਮੈਂ ਬੋਲਦਾ ਹਾਂ ਉਹ **ਕਰੋ** ਤਾਂ **ਮੈਂ ਤੁਹਾਡੇ ਵੈਰੀਆਂ ਦਾ ਵੈਰੀ** ਅਤੇ ਤੁਹਾਡੇ ਵਿਰੋਧੀਆਂ ਦਾ **ਵਿਰੋਧੀ ਹੋਵਾਂਗਾ**। (23) ਕਿਉਂ ਜੋ **ਮੇਰਾ ਦੂਤ** ਤੁਹਾਡੇ ਅੱਗੇ ਚੱਲੇਗਾ ਅਤੇ ਤੁਹਾਨੂੰ ਅਮੋਰੀਆਂ, ਹਿੱਤੀਆਂ, ਫਰਿੱਜੀਆਂ, ਕਨਾਨੀਆਂ, ਹਿੱਵੀਆਂ ਅਤੇ ਯਬੂਸੀਆਂ **ਵਿੱਚ ਲਿਆਵੇਗਾ** (ਅੰਧਕਾਰ ਦੇ ਅਧਿਕਾਰਾਂ ਅਤੇ ਸ਼ਕਤੀਆਂ ਦੀ ਇੱਕ ਕਿਸਮ) ਅਤੇ ਮੈਂ ਉਨ੍ਹਾਂ ਦਾ ਨਾਸ ਕਰਾਂਗਾ। (24) ਤੁਸੀਂ **ਉਨ੍ਹਾਂ ਦੇ ਦੇਵਤਿਆਂ ਦੇ ਅੱਗੇ ਮੱਥਾ ਨਾ ਟੇਕੋ** ਨਾ **ਉਨ੍ਹਾਂ ਦੀ ਉਪਾਸਨਾ ਕਰੋ** ਨਾ ਤੁਸੀਂ **ਉਨ੍ਹਾਂ ਦੇ ਕੰਮਾਂ ਵਾਂਙੁ ਕੰਮ ਕਰੋ** ਸਗੋਂ **ਉਨ੍ਹਾਂ ਨੂੰ ਜਰੂਰ ਢਾਓ** ਅਤੇ ਉਨ੍ਹਾਂ ਦੇ ਥੰਮ੍ਹ ਨੂੰ ਉੱਕਾ ਹੀ ਚਿਕਨਾ ਚੂਰ ਕਰੋ। (25) **ਤੁਸੀਂ ਯਹੋਵਾਹ ਆਪਣੇ ਪਰਮੇਸ਼ੁਰ ਦੀ ਉਪਾਸਨਾ ਕਰੋ** ਅਤੇ ਉਹ ਤੁਹਾਡੀ ਰੋਟੀ ਅਤੇ ਤੁਹਾਡੇ ਪਾਣੀ ਨੂੰ **ਬਰਕਤ ਦੇਵੇਗਾ** ਅਤੇ **ਮੈਂ** ਤੁਹਾਡੇ ਵਿੱਚੋਂ

ਬਿਮਾਰੀ ਕੱਢ ਦਿਆਂਗਾ। (26) ਤੁਹਾਡੀ ਧਰਤੀ ਵਿੱਚ ਕਿਸੇ ਦਾ ਗਰਭ ਨਾ ਡਿੱਗੇਗਾ ਨਾ ਕੋਈ ਸੰਢ ਰਹੇਗੀ। **ਮੈਂ** ਤੁਹਾਡੇ ਦਿਨਾਂ ਦਾ ਲੇਖਾ ਪੂਰਾ ਕਰਾਂਗਾ। (27) **ਮੈਂ** ਆਪਣਾ ਭੈ ਤੁਹਾਡੇ ਅੱਗੇ ਘੱਲਾਂਗਾ ਅਤੇ **ਮੈਂ** ਸਾਰੇ ਲੋਕਾ ਨੂੰ ਜਿਨ੍ਹਾਂ ਉੱਤੇ ਤੁਸੀਂ ਆਣ ਪਵੋਗੇ ਨਾਸ ਕਰ ਦੇਵਾਂਗਾ ਅਤੇ ਮੈਂ ਤੁਹਾਡੇ ਸਾਰੇ ਵੈਰੀਆਂ ਨੂੰ ਨੱਠੇ ਜਾਂਦੇ ਹੋਏ ਤਹਾਨੂੰ ਦੇਵਾਂਗਾ। (28) **ਮੈਂ** ਤੁਹਾਡੇ ਅੱਗੇ ਡੇਮੂ ਘੱਲਾਂਗਾ ਜਿਹੜਾ ਹਿੱਵੀ ਕਨਾਨੀ ਹਿੱਤੀ ਤੁਹਾਡੇ ਅੱਗੋਂ ਧੱਕ ਦੇਵੇਗਾ। (29) **ਮੈਂ** ਇੱਕੋ ਹੀ ਵਰਹੇ ਵਿੱਚ ਉਨ੍ਹਾਂ ਨੂੰ ਤੁਹਾਡੇ ਅੱਗੋਂ ਨਾ ਧੱਕਾਂਗਾ ਮਤੇ ਓਹ ਧਰਤੀ ਉੱਜੜ ਜਾਵੇ ਅਤੇ ਰੜ ਦੇ ਦਰਿੰਦੇ ਤੁਹਾਡੇ ਵਿਰੁੱਧ ਵਧ ਜਾਣ। (30) **ਮੈਂ** ਉਨ੍ਹਾਂ ਨੂੰ ਤੁਹਾਡੇ ਅੱਗੋਂ ਹੌਲੀ ਹੌਲੀ ਧੱਕਾਂਗਾ ਜਦ ਤੀਕ ਤੁਸੀਂ ਨਾ **ਫਲੋ** ਅਤੇ **ਧਰਤੀ ਨੂੰ ਆਪਣੇ ਵੱਸ ਵਿੱਚ ਨਾ ਕਰੋ।** (31) ਸੋ ਮੈਂ ਤੁਹਾਡੀ ਹੱਦ ਲਾਲ ਸਮੁੰਦਰ ਤੋਂ ਫਲਿਸਤੀਆਂ ਦੇ ਸਮੁੰਦਰ ਤੀਕ ਅਤੇ ਉਜਾੜ ਤੋਂ ਦਰਿਆ (ਫਰਾਤ) ਤੀਕ ਠਹਿਰਾਵਾਂਗਾ ਕਿਉਂ ਜੋ **ਮੈਂ ਤੁਹਾਡੇ ਹੱਥ ਵਿੱਚ ਉਸ ਧਰਤੀ ਦੇ ਵਸਨੀਕਾਂ ਨੂੰ ਦੇਵਾਂਗਾ** ਅਤੇ **ਤੁਸੀਂ ਉਨ੍ਹਾਂ ਨੂੰ ਆਪਣੇ ਅੱਗੋਂ ਧਿੱਕ ਦਿਓਗੇ।** (32) **ਤੁਸੀਂ ਉਨ੍ਹਾਂ ਨਾਲ ਅਥਵਾ ਉਨ੍ਹਾਂ ਦੇ ਦੇਵਤਿਆਂ ਨਾਲ ਨੇਮ ਨਾ ਬੰਨ੍ਹੋ।**

(33) **ਓਹ ਤੁਹਾਡੀ ਧਰਤੀ ਵਿੱਚ ਨਾ ਰਹਿਣ** ਇਜੇਹਾ ਨਾ ਹੋਵੇ ਕਿ **ਓਹ ਤੁਹਾਥੋਂ ਮੇਰੇ ਵਿਰੁੱਧ ਪਾਪ ਕਰਾਉਣਗੇ** ਕਿਉਂ ਜੇ ਤੁਸੀਂ ਉਨ੍ਹਾਂ ਦੇ ਦੇਵਤਿਆਂ ਦੀ ਉਪਾਸਨਾ ਕਰੋ ਤਾਂ ਉਹ ਜਰੂਰ ਤੁਹਾਡੇ ਲਈ ਫਾਹੀ ਹੋਵੇਗੀ। (1 ਤਿਮੋਥਿਉਸ 3:7; 6:9; 2 ਤਿਮੋਥਿਉਸ 2:26)

ਅਮੋਰੀ, ਹਿੱਤੀ, ਪ੍ਰਿਜੀ, ਕਨਾਨੀ, ਹਿਵੀ ਅਤੇ ਯਬੂਸੀ ਅੰਧਕਾਰ ਦੀਆਂ ਸ਼ਕਤੀਆਂ ਅਤੇ ਅਧਿਕਾਰਾਂ ਦੀ ਇੱਕ ਕਿਸਮ ਹਨ ਪਰ ਸਦੂਮ ਅਤੇ ਅਮੋਰਾਹ ਵਾਂਗਰ ਅਨੈਤਿਕ, ਪਾਪੀ ਸੰਸਕ੍ਰਿਤੀ ਵੀ ਜੋ ਦੂਰ ਜਾ ਚੁੱਕੇ ਹਨ ਅਤੇ ਯਹੋਵਾਹ ਨੇ ਉਨ੍ਹਾਂ ਨੂੰ ਛੱਡ ਦਿੱਤਾ ਹੈ ਅਤੇ ਉਨ੍ਹਾਂ ਦੀ ਭ੍ਰਿਸ਼ਟ ਬੁਰਾਈ ਨੂੰ ਅੱਗੇ ਵਧਣ ਅਤੇ ਫੈਲਣ ਦੀ ਪਰਵਾਨਗੀ ਨਹੀਂ ਦਿੰਦਾ।

2 ਕੁਰਿੰਥਿਆ 6:14-18 ਤੁਸੀਂ ਬੇਪਰਤੀਤਿਆਂ ਨਾਲ **ਅਣਸਾਵੇਂ ਨਾ ਜੁੱਤੋ** ਕਿਉਂ ਜੋ **ਧਰਮ ਅਤੇ ਕੁਧਰਮ** ਵਿੱਚ ਕੀ ਸਾਂਝ ਹੈ? ਯਾ **ਚਾਨਣ ਦਾ ਅਨ੍ਹੇਰੇ** ਨਾਲ ਕੀ ਮੇਲ ਹੈ? (15) ਅਤੇ ਮਸੀਹ ਦਾ ਬਲਿਆਲ ਦੇ ਨਾਲ ਕੀ ਮਿਲਾਪ ਹੈ ਅਥਵਾ ਪਰਤੀਤਵਾਨ ਦਾ ਬੇਪਰਤੀਤੇ ਨਾਲ ਕੀ ਹਿੱਸਾ ਹੈ? (16) ਅਤੇ ਪਰਮੇਸ਼ੁਰ ਦੀ ਹੈਕਲ ਨੂੰ ਮੂਰਤੀਆਂ ਨਾਲ ਕੀ ਵਾਸਤਾ ਹੈ? **ਅਸੀਂ ਤਾਂ ਜੀਉਂਦੇ ਪਰਮੇਸ਼ੁਰ ਦੀ ਹੈਕਲ ਹਾਂ** ਜਿਵੇਂ ਪਰਮੇਸ਼ੁਰ ਨੇ ਬਚਨ ਕੀਤਾ-**ਮੈਂ ਓਹਨਾਂ ਵਿੱਚ** ਵਾਸ ਕਰਾਂਗਾ ਅਤੇ ਫਿਰਿਆ ਕਰਾਂਗਾ, **ਮੈਂ** ਓਹਨਾਂ ਦਾ ਪਰਮੇਸ਼ੁਰ ਹੋਵਾਂਗਾ, ਅਤੇ ਓਹ ਮੇਰੀ ਪਰਜਾ ਹੋਣਗੇ। (17) **ਇਸ ਲਈ ਉਨ੍ਹਾਂ ਵਿੱਚੋਂ ਨਿੱਕਲ ਆਓ, ਅਤੇ ਅੱਡ ਹੋਵੋ**, ਪ੍ਰਭੂ ਆਖਦਾ ਹੈ, ਅਤੇ ਕਿਸੇ ਭ੍ਰਿਸ਼ਟ ਵਸਤ ਨੂੰ ਹੱਥ ਨਾ ਲਾਓ, **ਮੈਂ** ਤੁਹਾਨੂੰ ਕਬੂਲ ਕਰ ਲਵਾਂਗਾ, (18) ਅਰ **ਤੁਹਾਡਾ** ਪਿਤਾ ਹੋਵਾਂਗਾ ਅਤੇ ਤੁਸੀਂ ਮੇਰੇ ਪੁੱਤਰ ਧੀਆਂ ਹੋਵੋਗੇ। ਇਹ ਬਚਨ ਸਰਬ ਸ਼ਕਤੀਮਾਨ ਪ੍ਰਭੂ ਦਾ ਹੈ।

ਭੀੜਾ ਦਰਵਾਜ਼ਾ :

ਪਰ ਤੁਸੀਂ ਪਹਿਲਾਂ ਉਹ ਦੇ ਰਾਜ ਅਤੇ ਉਹ ਦੇ ਧਰਮ ਨੂੰ ਭਾਲੋ ਤਾਂ **ਤੁਹਾਨੂੰ** ਏਹ ਸਾਰੀਆਂ ਵਸਤਾਂ ਵੀ **ਦਿੱਤੀਆਂ ਜਾਣਗੀਆਂ** । ਮੱਤੀ 6:33

ਚੌੜਾ ਦਰਵਾਜ਼ਾ – ਅਣਆਗਿਆਕਾਰੀ ਅਤੇ ਵਿਦਰੋਹ:

1ਕੁਰਿੰਥਿਆ 10:1-13 ਹੇ ਭਰਾਵੋ, ਮੈਂ ਨਹੀਂ ਚਾਹੁੰਦਾ ਜੋ ਤੁਸੀਂ ਇਸ ਤੋਂ ਅਣਜਾਣ ਰਹੋ . . . ਭਈ ਸਾਡੇ ਪਿਉ ਦਾਦੇ ਬੱਦਲ ਦੇ ਹੇਠ ਸਨ ਅਤੇ ਓਹ ਸੱਭੇ ਸਮੁੰਦਰ ਦੇ ਵਿੱਚੋਂ ਦੀ ਲੰਘ ਗਏ। (2) ਅਤੇ ਸਭਨਾਂ ਨੂੰ ਉਸ ਬੱਦਲ ਅਤੇ ਉਸ ਸਮੁੰਦਰ ਵਿੱਚ ਮੂਸਾ ਦਾ ਬਪਤਿਸਮਾ ਮਿਲਿਆ। (3) ਸਭਨਾਂ ਨੇ ਇੱਕੋ ਆਤਮਕ ਭੋਜਨ ਖਾਧਾ। (4) ਅਤੇ ਸਭਨਾਂ ਨੇ ਇੱਕੋ ਆਤਮਕ ਜਲ ਪੀਤਾ ਕਿਉਂ ਜੋ

ਓਹਨਾਂ ਨੇ ਉਸ ਆਤਮਕ ਪੱਥਰ ਤੋਂ ਜਲ ਪੀਤਾ ਜਿਹੜਾ ਓਹਨਾਂ ਦੇ ਮਗਰ ਮਗਰ ਚੱਲਦਾ ਸੀ ਅਤੇ ਉਹ ਪੱਥਰ ਮਸੀਹ ਹੈਸੀ। (5) **ਪਰੰਤੂ ਪਰਮੇਸ਼ੁਰ ਓਹਨਾਂ ਵਿੱਚੋਂ ਬਾਹਲਿਆਂ ਨਾਲ ਪਰਸੰਨ ਨਹੀਂ ਸੀ** ਸੋ ਓਹ **ਉਜਾੜ ਵਿੱਚ ਢਹਿ ਪਏ** (ਮੌਤ ਦੇ ਯੋਗ ਪਾਪ – ਸਰੀਰਕ ਮੌਤ) (6) ਅਤੇ ਏਹ ਗੱਲਾਂ **ਸਾਡੇ ਲਈ ਨਸੀਹਤ ਬਣੀਆਂ** ਭਈ ਅਸੀਂ ਮਾੜੀਆਂ ਗੱਲਾਂ ਦੀਆਂ ਕਾਮਨਾਂ ਨਾ ਕਰੀਏ ਜਿਵੇਂ ਓਹਨਾਂ ਨੇ ਕਾਮਨਾਂ ਕੀਤੀਆਂ ਸਨ। (7) ਅਤੇ ਨਾ ਤੁਸੀਂ **ਮੂਰਤੀ ਪੂਜਕ** ਹੋਵੋ ਜਿਵੇਂ ਓਹਨਾਂ ਵਿੱਚੋਂ ਕਈਕੁ ਹੋਏ ਸਨ। ਜਿਸ ਪਰਕਾਰ ਲਿਖਿਆ ਹੋਇਆ ਹੈ ਜੋ ਓਹ ਲੋਕ ਖਾਣ ਪੀਣ ਬੈਠੇ ਅਤੇ ਹੱਸਣ ਖੇਡਣ ਨੂੰ ਉੱਠੇ। (ਉਹ ਕੱਟੜਪੰਥੀ ਸਨ, ਉਹ ਪੂਜਾ ਕਰਦੇ ਸਨ ਅਤੇ ਅਨੰਦ ਮਾਣਦੇ ਸਨ) (8) ਅਤੇ ਨਾ ਅਸੀਂ **ਹਰਾਮਕਾਰੀ** ਕਰੀਏ ਜਿਵੇਂ ਓਹਨਾਂ ਵਿੱਚੋਂ ਕਈਆਂ ਨੇ ਕੀਤੀ ਅਤੇ ਇੱਕੋ ਦਿਨ ਵਿੱਚ **ਤੇਈ ਹਜ਼ਾਰ ਜਣਿਆਂ ਦੇ ਸੱਥਰ ਲੱਥੇ**। (9) ਅਤੇ ਨਾ ਅਸੀਂ ਪ੍ਰਭੂ ਨੂੰ **ਪਰਤਾਈਏ** ਜਿਵੇਂ ਓਹਨਾਂ ਵਿੱਚੋਂ ਕਈਆਂ ਨੇ ਪਰਤਾਇਆ ਸੀ ਅਤੇ ਸੱਪਾਂ ਤੋਂ **ਨਾਸ ਹੋਏ** (ਗਿਣਤੀ 21:5-7) (10) ਅਤੇ ਨਾ **ਤੁਸੀਂ ਬੁੜ ਬੁੜ** ਕਰੋ ਜਿਵੇਂ ਓਹਨਾਂ ਵਿੱਚੋਂ ਕਈਆਂ ਨੇ ਬੁੜ ਬੁੜ ਕੀਤੀ ਅਤੇ ਨਾਸ ਕਰਨ ਵਾਲੇ ਤੋਂ ਨਾਸ ਹੋਏ। (11) ਸੋ ਏਹ ਗੱਲਾਂ ਓਹਨਾਂ ਉੱਤੇ **ਨਸੀਹਤ ਦੇ ਲਈ** ਹੋਈਆਂ ਅਤੇ ਸਾਨੂੰ **ਮੱਤ ਦੇਣ ਲਈ ਲਿਖੀਆਂ ਹੋਈਆਂ ਹਨ** ਜਿਨ੍ਹਾਂ ਉੱਤੇ ਜੁੱਗਾਂ ਦੇ ਅੰਤ ਆਣ ਪਹੁੰਚੇ ਹਨ। (12) ਗੱਲ ਕਾਹਦੀ ਜੋ ਕੋਈ ਆਪਣੇ ਆਪ ਨੂੰ ਖਲੋਤਾ ਹੋਇਆ ਸਮਝਦਾ ਹੈ ਸੋ ਸੁਚੇਤ ਰਹੇ ਭਈ ਕਿਤੇ ਡਿੱਗ ਨਾ ਪਵੇ।

ਉੱਪਰਲੇ ਸਭ ਤੋਂ ਬਾਅਦ, ਜਦੋਂ ਉਹ ਆਖਰਕਾਰ "ਵਾਇਦੇ ਦੇ ਦੇਸ" ਵਿੱਚ ਆਏ, ਦੁਬਾਰਾ ਫੇਰ ਬਹੁਤਿਆਂ ਨੇ ਦੇਸ ਵਿੱਚ ਪ੍ਰਵੇਸ਼ ਕਰਨ ਤੋਂ ਮਨ੍ਹਾ ਕੀਤਾ ਕਿਉਂਕਿ ਇਸ ਵਿੱਚ ਦੇਸ ਦੇ ਬੁਰੇ **ਵਸਨੀਕਾਂ ਨੂੰ ਬਾਰਹ ਕੱਢਣਾ** ਅਤੇ ਉਨ੍ਹਾਂ **ਵਿਰੁੱਧ ਯੁੱਧ ਕਰਨਾ** ਸ਼ਾਮਲ ਸੀ (ਸਾਡੇ ਜੀਵਨਾਂ ਵਿੱਚ ਪਾਪ)।

ਮੂਸਾ ਨੇ ਸਾਰਿਆਂ ਲਈ ਬੇਨਤੀ ਕੀਤੀ: ਤਾਂ ਯਹੋਵਾਹ ਨੇ ਆਖਿਆ, ਤੇਰੇ ਆਖਣ ਅਨੁਸਾਰ **ਮੈਂ ਉਨ੍ਹਾਂ ਨੂੰ ਮਾਫ਼ ਕੀਤਾ . . .** (22) ਫੇਰ ਵੀ ਓਹ ਸਾਰੇ ਮਨੁੱਖ ਜਿਨ੍ਹਾਂ ਨੇ ਮੇਰੇ ਪਰਤਾਪ ਨੂੰ ਅਤੇ ਮੇਰੇ ਨਿਸ਼ਾਨਾਂ ਨੂੰ ਜਿਹੜੇ ਮੈਂ ਮਿਸਰ ਵਿੱਚ ਅਤੇ ਉਜਾੜ ਵਿੱਚ ਕੀਤੇ **ਮੈਨੂੰ ਹੁਣ ਤੀਕ ਦਸ ਵਾਰ ਪਰਤਾਇਆ** ਅਤੇ **ਮੇਰੀ ਅਵਾਜ਼ ਨਹੀਂ ਸੁਣੀ**। (23) ਓਹ **ਉੱਕਾ ਹੀ ਉਸ ਧਰਤੀ ਨੂੰ ਨਾ ਵੇਖਣਗੇ** ਜਿਹ ਦੀ ਮੈਂ ਉਨ੍ਹਾਂ ਦੇ ਪਿਉ ਦਾਦਿਆਂ ਨਾਲ ਸੌਂਹ ਖਾਧੀ ਸੀ ਅਤੇ ਨਾ ਹੀ ਓਹ ਸਾਰੇ ਜਿਨ੍ਹਾਂ ਮੇਰੀ ਹਾਨੀ ਕੀਤੀ ਉਹ ਨੂੰ ਵੇਖਣਗੇ। ਗਿਣਤੀ14:20-23

- ਜਿਹੜੇ ਵਿਦਰੋਹੀ ਸਨ ਉਹ ਯਹੋਵਾਹ ਨਾਲ **"ਖੂਨ ਦੇ ਨੇਮ"** ਵਿੱਚ **ਸਨ**, ਅਤੇ ਮਾਫ਼ ਕੀਤੇ ਗਏ ਸਨ – ਅਨੰਤ ਜੀਵਨ ਉਨ੍ਹਾਂ ਕੋਲ ਸੀ – ਪਰ ਇਸ ਧਰਤੀ ਉੱਤੇ ਪਰਮੇਸ਼ੁਰ ਦੇ ਰਾਜ ਦਾ ਆਨੰਦ **ਕਦੀ ਨਹੀਂ ਮਨਾ ਸਕੇ** "ਜੋ ਦੁੱਧ ਅਤੇ ਸ਼ਹਿਦ" ਨਾਲ ਵਹਿ ਰਿਹਾ ਸੀ।

- ਜਿਨ੍ਹਾਂ ਨੇ ਵਿਸ਼ਵਾਸ ਨਾਲ ਭਰੋਸਾ ਕੀਤਾ ਅਤੇ ਪਾਲਣਾ ਕੀਤੀ ਉਹ ਇੱਕ ਹੋਰ ਮਹਾਨ ਆਗੂ ਦੁਆਰਾ "ਵਾਇਦੇ ਦੇ ਦੇਸ" ਵਿੱਚ ਲਿਆਂਦੇ ਗਏ : **ਯਹੋਸ਼ੁਆ**
    - **ਯਹੋਸ਼ੁਆ** ਦੂਸਰੇ ਨੌਜਵਾਨਾਂ ਵਰਗਾ ਨਹੀਂ ਸੀ : ਕੂਚ 33:7-11
    - **ਕਾਲੇਬ** ਬਾਕੀ ਦੂਸਰਿਆਂ ਵਰਗਾ ਨਹੀਂ ਸੀ : ਗਿਣਤੀ 14:24
    - **ਦਾਊਦ** ਬਾਕੀ ਦੂਸਰਿਆਂ ਵਰਗਾ ਨਹੀਂ ਸੀ : ਰਸੂਲਾਂ ਦੇ ਕਰਤਵ 13:22

ਇਹ ਬਚਨ ਦਾਊਦ ਦੇ ਦਿਲ ਅਤੇ ਉਸਦੇ ਚਰਿੱਤਰ ਨੂੰ ਦਰਸਾਉਂਦੇ ਹਨ :
ਜ਼ਬੂਰ 26:3-7; 101:1-4 (3) ਮੈਂ ਆਪਣੀਆਂ ਅੱਖਾਂ ਅੱਗੇ ਕਿਸੇ ਵੀ ਘਨਾਉਣੀ ਵਸਤ ਨੂੰ ਨਹੀਂ ਰੱਖਾਂਗਾ।

- ਜਿਵੇਂ ਸ਼ਤਾਨ ਨੇ ਯਿਸੂ ਨੂੰ ਇਸ ਜਗਤ ਦੇ ਰਾਜ ਦਿਖਾਏ, ਉਹ ਤੁਹਾਡੇ ਕੋਲੋਂ ਪਾਪ ਕਰਵਾਉਣ ਲਈ ਸਭ ਕੁੱਝ ਕਰੇਗਾ ਜੋ ਉਹ ਕਰ ਸਕਦਾ ਹੈ ਅਤੇ ਤੁਹਾਡੀਆਂ ਅੱਖਾਂ ਦੇ ਸਾਹਮਣੇ ਕਾਮ ਵਾਸ਼ਨਾ ਦੀਆਂ ਚੀਜਾਂ ਲਿਆਵੇਗਾ।

- ਮੈਂ ਜੋਰ ਨਾਲ ਤੁਹਾਡੇ ਅੱਗੇ ਬੇਨਤੀ ਕਰਦਾ ਹਾਂ ਕਿ ਜਿਵੇਂ ਦਾਊਦ ਨੇ ਕੀਤਾ ਤੁਸੀਂ ਵੀ ਉਵੇਂ ਹੀ ਕਰੋ ਅਤੇ **ਕਦੀ ਵੀ** ਵਾਸ਼ਨਾ ਜਾਂ ਅਨੈਤਿਕਤਾ ਦੀਆਂ ਗੱਲਾਂ ਉੱਤੇ ਧਿਆਨ **ਨਾ** ਦੇਵੋ, ਜਿਨ੍ਹਾਂ ਨੂੰ ਸ਼ਤਾਨ ਹਰ ਜਗ੍ਹਾ ਬਹੁਤ ਮਸ਼ਹੂਰ ਬਣਾ ਚੁੱਕਾ ਹੈ। ਸਰੀਰ ਦੀਆਂ ਵਾਸ਼ਨਾਂ ਬਹੁਤ ਸ਼ਕਤੀਸ਼ਾਲੀ ਤਾਕਤ ਹਨ ਜਿਸਨੂੰ ਸਾਡੇ ਵਿਚੋਂ ਹਰ ਇੱਕ ਲਈ ਜਿੱਤਣਾ ਅਤੇ ਬਾਹਰ ਕੱਢਣਾ ਲਾਜ਼ਮੀ ਹੈ। ਦੇਖੋ ਯਾਕੂਬ 1:12, 13-15

ਯਹੋਸ਼ੁਆ ਨੇ ਵਾਇਦੇ ਦੇ ਦੇਸ ਵਿੱਚ ਯਹੋਵਾਹ ਦੇ ਲੋਕਾਂ ਦੀ ਅਗਵਾਈ ਕੀਤੀ, ਪਰ ਉਨ੍ਹਾਂ ਨੂੰ ਇਸ ਲਈ **ਲੜਨਾ ਪਿਆ** ਕਿਉਂਕਿ ਇਹ **ਬੁਰਾਈ ਦੁਆਰਾ ਗ੍ਰਸਤ ਸੀ।** ਜਿੰਨਾ ਜ਼ਿਆਦਾ ਸਾਡੇ ਜੀਵਨ ਵਿੱਚ ਬੁਰਾਈ ਹੈ ਦੇਸ ਨੂੰ ਪੂਰੀ ਤਰ੍ਹਾਂ ਸਾਫ਼ ਕਰਨ ਲਈ ਓਨਾ ਜ਼ਿਆਦਾ ਯੁੱਧ ਦੀ ਮੰਗ ਹੁੰਦੀ ਹੈ।

ਯਹੋਸ਼ੁਯਾਹ 1:-9 . . . (7) ਤੂੰ ਨਿਰਾ **ਤਕੜਾ ਹੋ** ਅਤੇ ਵੱਡਾ **ਹੌਸਲਾ ਰੱਖ** ਤਾਂ ਜੋ ਤੂੰ ਉਸ **ਸਾਰੀ ਬਿਵਸਥਾ ਅਨੁਸਾਰ** ਜਿਸ ਦਾ ਮੇਰੇ ਦਾਸ ਮੂਸਾ ਨੇ ਤੈਨੂੰ ਹੁਕਮ ਦਿੱਤਾ ਹੈ **ਪਾਲਨਾ ਕਰ** ਕੇ ਪੂਰਾ ਕਰੇਂ, ਉਸ ਤੋਂ ਸੱਜੇ ਅਥਵਾ ਖੱਬੇ **ਨਾ ਮੁੜੇਂ** ਤਾਂ ਜੋ ਤੂੰ **ਜਿੱਥੇ ਜਾਵੇਂ ਤੇਰਾ ਬੋਲ ਬਾਲਾ ਹੋਵੇ।** (8) ਏਹ ਬਿਵਸਥਾ ਦੀ **ਪੋਥੀ** ਤੇਰੇ ਮੂੰਹ ਤੋਂ **ਕਦੀ ਵੱਖਰੀ ਨਾ** ਹੋਵੇ ਸਗੋਂ ਤੂੰ **ਦਿਨ ਰਾਤ ਉਸ ਉੱਤੇ ਧਿਆਨ** ਰੱਖ ਤਾਂ ਜੋ ਤੂੰ ਉਸ ਸਾਰੇ ਦੇ ਅਨੁਸਾਰ **ਜੋ ਉਸ ਵਿੱਚ ਲਿਖਿਆ ਹੈ ਚੱਲੇਂ** ਤੇ ਉਸ ਨੂੰ **ਪੂਰਾ ਕਰੇਂ ਤਾਂ ਤੂੰ ਆਪਣੇ ਮਾਰਗ ਨੂੰ ਸੁਫਲ ਬਣਾਵੇਂਗਾ ਅਤੇ ਤੇਰਾ ਬੋਲ ਬਾਲਾ ਹੋਵੇਗਾ।** (9) ਕੀ ਮੈਂ ਤੈਨੂੰ ਹੁਕਮ ਨਹੀਂ ਦਿੱਤਾ ਭਈ ਤਕੜਾ ਹੋ ਅਤੇ ਹੌਸਲਾ ਰੱਖ? ਨਾ ਕੰਬ ਅਤੇ ਨਾ ਘਾਬਰ ਕਿਉਂ ਜੋ **ਯਹੋਵਾਹ ਤੇਰਾ ਪਰਮੇਸ਼ੁਰ ਜਿੱਥੇ ਤੂੰ ਜਾਵੇਂ ਤੇਰੇ ਸੰਗ ਹੈ।**

- "ਬਿਵਸਥਾ ਦੀ ਪੋਥੀ" ਸਾਡੇ ਸਿਰਜਣਹਾਰ ਦੀਆਂ ਹਦਾਇਤਾਂ ਹਨ ਜਾਂ ਸੰਚਾਲਕ ਦੀ ਨਿਯਮ ਪੁਸਤਕ ਹੈ ਕਿ ਪਰਮੇਸ਼ੁਰ ਦੇ ਰਾਜ ਵਿੱਚ ਕਿਵੇਂ ਲੰਬਾ, ਤੰਦਰੁਸਤ ਅਤੇ ਖੁਸ਼ਹਾਲੀ ਵਾਲਾ ਜੀਵਨ ਜੀਣਾ ਹੈ।

- ਪਰ ਜਿਵੇਂ ਇਸਰਾਏਲੀ ਰਹੇ ਅਤੇ ਮਿਸਰ ਵਿੱਚ ਗੁਲਾਮ ਹੋ ਗਏ ਉਵੇਂ ਹੀ ਅਸੀਂ ਵੀ ਜਗਤ ਵਿੱਚ ਇਸਦੇ ਬੁਰੇ ਸ਼ਾਸ਼ਨ ਦੇ ਅਧੀਨ ਰਹੇ ਅਤੇ ਇਸਦੇ ਬੁਰੇ ਅਤੇ ਵਿਨਾਸ਼ਕਾਰੀ ਤਰੀਕੇ ਸਿੱਖੇ ਜਿਨ੍ਹਾਂ ਨੇ ਸਾਡਾ ਬਹੁਤ ਨੁਕਸਾਨ ਕੀਤਾ।

- ਸਾਡਾ ਪਿਤਾ, ਜਿਵੇਂ ਉਸਨੇ ਮਿਸਰ ਵਿੱਚ ਆਪਣੇ ਪੁੱਤਰ ਨੂੰ ਭੇਜਿਆ, ਪਸਹ ਦਾ ਲੇਲਾ ਜਿਸਨੇ ਸਾਨੂੰ **ਆਪਣੇ ਲਹੂ ਨਾਲ ਨਿਸਤਾਰਾ ਦਿੱਤਾ,** ਸਾਨੂੰ ਅਜ਼ਾਦ ਕੀਤਾ ਅਤੇ ਸਾਨੂੰ ਆਪਣੇ ਰਾਜ ਵਿੱਚ ਲਿਆਂਦਾ (ਕੁੱਲੁਸੀਆ 1:13)। ਅਤੇ . . .

ਸਾਡੇ ਲਈ ਵੀ ਲਾਜ਼ਮੀ ਹੈ ਕਿ ਅਸੀਂ ਲੜੀਏ ਅਤੇ ਸਾਰੀ ਬੁਰਾਈ ਨੂੰ ਭਜਾ ਦੇਈਏ ਜੇ ਅਸੀਂ ਬਰਕਤਾਂ ਅਤੇ "ਵਾਇਦੇ ਦੇ ਦੇਸ" ਪਰਮੇਸ਼ੁਰ ਦੇ ਰਾਜ ਦੇ ਭਰਪੂਰ ਜੀਵਨ ਦਾ ਆਨੰਦ ਮਨਾਉਣ ਚਹੁੰਦੇ ਹਾਂ।

ਇੱਕ ਆਤਮਿਕ ਲੜਾਈ ਜੋਰ ਫੜ੍ਹ ਰਹੀ ਹੈ, ਇਹ ਲੜਾਈ ਤੁਹਨੂੰ ਹਰਾਉਣ ਅਤੇ ਪਰਮੇਸ਼ੁਰ ਦੇ ਰਾਜ ਤੋਂ ਦੂਰ ਰੱਖਣ ਉੱਤੇ ਕੇਂਦ੍ਰਿਤ ਹੈ, ਕਿਉਂਕਿ ਰਾਜ ਵਿੱਚ ਦੁਸ਼ਮਣ ਤੁਹਾਨੂੰ ਹੱਥ ਨਹੀਂ ਲਾ ਸਕਦਾ। (1 ਯੂਹੰਨਾ 5:18)

ਅਤੇ ਜਿਵੇਂ ਉਸਦੇ ਜ਼ਿਆਦਾਤਰ ਲੋਕ ਦੁਸ਼ਮਣ ਨੂੰ ਦੇਸ ਵਿਚੋਂ ਬਾਹਰ ਕੱਢਣਾ ਨਹੀਂ ਚਹੁੰਦੇ ਹਨ . . . ਇਸ ਲਈ ਬਹੁਤ ਸਾਰੇ ਪਰਮੇਸ਼ੁਰ ਦੇ ਲੋਕ ਪਰਮੇਸ਼ੁਰ ਦੇ ਰਾਜ ਵਿੱਚ ਨਹੀਂ ਰਹਿ ਰਹੇ, ਪਰ ਉਸ ਦਾ ਚੁਣਾਵ ਕਰ ਰਹੇ ਹਨ ਜੋ "ਪਾਪ ਦਾ ਆਨੰਦ" ਲੱਗਦਾ ਹੈ ਜੋ ਤੁਹਾਨੂੰ ਗੁਲਾਮ ਬਣਾ ਲੈਂਦਾ ਹੈ ਅਤੇ ਤੁਹਾਨੂੰ ਬਹੁਤ ਦੁੱਖ ਪਾਏ ਹੋਏ ਆਏ ਨੁਕਸਾਨ ਉਠਾਏ ਹੋਏ ਛੱਡ ਦਿੰਦਾ ਹੈ। 2 ਤਿਮੋਥਿਉਸ 2:24-26

**"ਰਾਹ ਖੁੱਲ੍ਹਾ"** ਅਤੇ **ਅਸਾਨ** ਹੈ ਕਿਉਂਕਿ ਤੁਸੀਂ ਬਹੁਤ ਸਾਰੇ ਤਰੀਕਿਆਂ ਨਾਲ **ਭੀੜ ਦੇ ਮਗਰ ਚੱਲਦੇ ਹੋ** ਜੋ ਵਿਨਾਸ਼ ਵੱਲ ਲੈ ਕੇ ਜਾਂਦੇ ਹਨ।

ਪਰ ਸਿਰਫ ਇੱਕ ਹੀ **"ਭੀੜਾ ਰਾਹ"** ਹੈ ਜੋ "ਭਰਪੂਰ ਜੀਵਨ" ਅਤੇ ਸੱਚੀ ਅਜ਼ਾਦੀ ਵੱਲ ਲੈ ਕੇ ਜਾਂਦਾ ਹੈ ਅਤੇ ਅਤੇ ਉਹ ਰਾਹ **ਉਸਦਾ ਰਾਹ ਹੈ** – ਪਰਮੇਸ਼ੁਰ ਦੇ ਰਾਜ ਵਿੱਚ ਜੀਵਨ।

ਯਿਸੂ ਨੇ ਕਿਹਾ:

> ਮੈਂ ਇਸ ਲਈ ਆਇਆ ਭਈ ਉਨ੍ਹਾਂ ਨੂੰ **ਜੀਉਣ** ਮਿਲੇ ਸਗੋਂ **ਚੋਖਾ** ਮਿਲੇ। ਯੂਹੰਨਾ 10:10
>
> ਯਿਸੂ ਨੇ ਉਹ ਨੂੰ ਆਖਿਆ, **ਰਾਹ** ਅਤੇ **ਸਚਿਆਈ** ਅਤੇ **ਜੀਉਣ** ਮੈਂ ਹਾਂ। ਕੋਈ ਮੇਰੇ ਵਸੀਲੇ ਬਿਨਾ ਪਿਤਾ ਦੇ ਕੋਲ ਨਹੀਂ ਆਉਂਦਾ। ਯੂਹੰਨਾ 14:6

- . . . ਸੁਰਗ ਦੇ ਰਾਜ ਉੱਤੇ ਜ਼ੋਰ **ਮਾਰਿਆ ਜਾਂਦਾ ਹੈ** ਅਤੇ **ਜ਼ੋਰ ਮਾਰਨ ਵਾਲੇ ਉਸ ਨੂੰ ਖੋਹ ਲੈਂਦੇ ਹਨ।** [ਇੱਕ ਅਨਮੋਲ ਇਨਾਮ ਦੇ ਰੂਪ ਵਿੱਚ - ਸਵਰਗੀ ਰਾਜ ਵਿੱਚ ਇੱਕ ਹਿੱਸਾ ਜ਼ਿਆਦਾਤਰ ਉਤਸ਼ਾਹ ਅਤੇ ਗਹਿਰਾ ਪ੍ਰੇਰਨਾ ਨਾਲ ਮੰਗਿਆ ਜਾਂਦਾ ਹੈ] ਮੱਤੀ 11:12 ਐਮਲੀਫਾਇਡ ਬਾਈਬਲ
- ਰਸੂਲਾਂ ਦੇ ਕਰਤੱਬ 14:21-22 ਅਰ ਜਾਂ ਉਸ ਨਗਰ ਵਿੱਚ ਖੁਸ਼ ਖਬਰੀ ਸੁਣਾ ਚੁੱਕੇ . . . ਲੁਸਤ੍ਰਾ ਅਤੇ ਇਕੁਨਿਯੁਮ ਅਤੇ ਅੰਤਾਕਿਯਾ ਨੂੰ ਮੁੜੇ। (22) ਅਰ ਚੇਲਿਆਂ ਦੇ ਮਨਾਂ ਨੂੰ ਤਕੜੇ ਕਰਦੇ ਅਰ ਇਹ ਉਪਦੇਸ਼ ਦਿੰਦੇ ਸਨ ਕਿ ਨਿਹਚਾ ਵਿੱਚ ਬਣੇ ਰਹੋ ਅਤੇ ਕਿਹਾ ਭਈ ਅਸੀਂ **ਬਹੁਤ ਬਿਪਤਾ ਸਹਿ ਕੇ ਪਰਮੇਸ਼ੁਰ ਦੇ ਰਾਜ ਵਿੱਚ ਵੜਨਾ ਹੈ**।

ਸਾਡੇ ਵਿਚੋਂ ਹਰ ਇੱਕ ਨੂੰ ਰੋਜ਼ਾਨਾ ਇਸ ਗੱਲ ਉੱਤੇ ਲਗਾਤਾਰ ਧਿਆਨ ਦੇਣ ਅਤੇ ਆਪਣੇ ਆਪ ਨੂੰ ਪੁੱਛਣ ਦੀ ਲੋੜ ਹੈ : **ਮੈਂ ਕਿਹੜੇ ਮਾਰਗ ਉੱਤੇ ਚੱਲ ਰਿਹਾ ਹਾਂ ? ਇਹ ਮੈਨੂੰ ਕਿੱਥੇ ਲੈ ਕੇ ਜਾਵੇਗਾ ? ਇਹ ਮੈਨੂੰ ਕਿਹੜੇ ਰਾਜ ਵੱਲ ਲੈ ਕੇ ਜਾ ਰਿਹਾ ਹੈ ? ਇਸ ਦੇ ਨਤੀਜੇ ਕਿ ਹੋਣਗੇ ?**

"ਚੌੜਾ" ਅਤੇ "ਖੁੱਲ੍ਹਾ" ਮਾਰਗ ਅਸਾਨ ਹੈ ਅਤੇ **ਬਰਾਬਰ** ਦਾ **ਦਬਾਵ ਬੇਹੱਦ ਪ੍ਰੇਰਦਾ** ਹੈ, ਅਤੇ **"ਪਾਪ ਦਾ ਆਨੰਦ"** ਬਹੁਤ ਹੀ ਅਜਮਾਇਸ਼ ਵਾਲਾ ਅਤੇ ਜੋਰ ਦੇਣ ਵਾਲਾ ਹੈ, ਪਰ ਅੰਤ **"ਵਿਨਾਸ਼"** ਹੈ।

ਇਸ ਤੋਂ ਵੱਧ, **ਉਸ ਜਾਤੀ ਦੀਆਂ ਰੀਤਾਂ ਦੇ ਅਨੁਸਾਰ ਤੁਸਾਂ ਨਾ ਤੁਰਨਾ** ਕਿਉਂ ਜੋ **ਉਨ੍ਹਾਂ ਨੇ ਤਾਂ ਇਹ ਸੱਭੇ ਗੱਲਾਂ ਕੀਤੀਆਂ** ਅਤੇ **ਇਸ ਲਈ ਓਹ ਮੈਨੂੰ ਮਾੜੇ ਲੱਗੇ**। ਲੇਵੀਆਂ 20:23

ਯਿਰਮਿਯਾਹ 10: 2 ਤੁਸੀਂ ਕੌਮਾਂ ਦੀ **ਚਾਲ** ਨਾ ਸਿੱਖੋ, (3) ਉੱਮਤਾਂ ਦੀਆਂ **ਬਿਧੀਆਂ** ਤਾਂ ਫੋਕੀਆਂ ਹਨ,

ਯਿਸੂ ਕਿਹਾ: ਮੈਂ ਤੁਹਾਨੂੰ **ਸੱਚ ਸੱਚ** ਆਖਦਾ ਹਾਂ ਕਿ **ਹਰੇਕ** ਜੋ ਪਾਪ ਕਰਦਾ ਹੈ ਸੋ ਪਾਪ ਦਾ **ਗੁਲਾਮ** ਹੈ। ਯੂਹੰਨਾ 8:34

- ਚੌੜਾ ਦਰਵਾਜ਼ਾ ਅਤੇ ਖੁੱਲ੍ਹਾ ਰਾਹ ਗੁਲਾਮੀ, ਨੁਕਸਾਨ ਅਤੇ ਜਿੰਦਗੀ ਦੇ ਵਿਨਾਸ਼ ਵੱਲ ਲੈ ਜਾਂਦੇ ਹਨ। ਜਿਵੇਂ ਅਸੀਂ ਚੰਗੀ ਤਰ੍ਹਾਂ ਜਾਣਦੇ ਹਾਂ: ਚੋਰ (ਸ਼ਤਾਨ) ਨਹੀਂ ਆਉਂਦਾ ਪਰ ਇਸ ਲਈ ਜੋ **ਚੁਰਾਵੇ** ਅਰ **ਵੱਢੇ** ਅਤੇ **ਨਾਸ ਕਰੇ।** । ਯੂਹੰਨਾ 10:10

ਯੂਹੰਨਾ 8:35-36 ਅਤੇ ਗੁਲਾਮ ਸਦਾ ਘਰ ਵਿੱਚ ਨਹੀਂ ਰਹਿੰਦਾ। ਪੁੱਤਰ ਸਦਾ ਰਹਿੰਦਾ ਹੈ। ਇਸ ਲਈ ਜੇ **ਪੁੱਤਰ** ਤੁਹਾਨੂੰ **ਅਜ਼ਾਦ** ਕਰੇ ਤਾਂ **ਠੀਕ ਤੁਸੀਂ ਅਜ਼ਾਦ ਹੋਵੋਗੇ**।

- ਪੁੱਤਰ ਕੋਲ ਅਧਿਕਾਰ ਹੈ ਕਿ ਉਹ ਗੁਲਾਮ ਨੂੰ ਉਸ ਦੀ ਅਜਾਦੀ ਦੇਵੇ। ਬਿਲਕੁਲ ਇਸੇ ਤਰਾਂ ਹੀ ਯਿਸੂ ਉਨ੍ਹਾਂ ਸਭਨਾ ਲਈ ਕਰਦਾ ਹੈ ਜੋ ਉਸ ਨੂੰ **ਗ੍ਰਹਿਣ ਕਰਨ** ਅਤੇ **ਵਿਸ਼ਵਾਸ** ਦੁਆਰਾ ਉਸਦੇ ਅਧਿਕਾਰ ਨੂੰ ਜਾਣ ਲੈਂਦੇ ਹਨ। ਕਿਉਂਕਿ ਉਸਨੇ ਸਾਨੂੰ ਅੰਧਕਾਰ ਦੇ ਰਾਜ ਵਿਚੋਂ ਛੁਡਾ ਲਿਆ ਹੈ ਅਤੇ ਆਪਣੇ ਪਿਆਰੇ ਪੁੱਤਰ ਦੇ ਰਾਜ ਵਿੱਚ ਪੁਚਾ ਦਿੱਤਾ ਹੈ।

ਕੁਲੁੱਸੀਆਂ 1:13

**ਅਤੇ ਫਿਰ ਅਜਾਦ ਰਹਿਣ ਲਈ** : **ਜੇ** ਤੁਸੀਂ **ਮੇਰੇ ਬਚਨ ਤੇ ਖਲੋਤੇ ਰਹੋ** (ਰਾਜ ਦੇ ਮਾਰਗਾਂ ਨੂੰ ਸਿੱਖਣਾ ਅਤੇ ਪਾਲਣਾ ਕਰਨਾ) ਤਾਂ ਠੀਕ ਤੁਸੀਂ ਮੇਰੇ ਚੇਲੇ ਹੋ। 32 ਅਰ **ਸਚਿਆਈ** ਨੂੰ ਜਾਣੋਗੇ ਅਤੇ **ਸਚਿਆਈ ਤੁਹਾਨੂੰ ਅਜ਼ਾਦ ਕਰੇਗੀ**। ਯੂਹੰਨਾ 8:31-32

ਅਤੇ **ਇਸ ਜੁੱਗ ਦੇ ਰੂਪ ਜੇਹੇ ਨਾ ਬਣੋ** ਸਗੋਂ **ਆਪਣੀ ਬੁੱਧ ਦੇ ਨਵੇਂ ਹੋਣ ਕਰਕੇ** ਹੋਰ ਸਰੂਪ ਵਿੱਚ **ਬਦਲਦੇ ਜਾਓ** ਤਾਂ ਜੋ ਤੁਸੀਂ ਸਿਆਣ ਲਵੋ ਭਈ ਪਰਮੇਸ਼ੁਰ ਦੀ ਚੰਗੀ ਅਤੇ ਮਨ ਭਾਉਂਦੀ ਅਤੇ ਪੂਰੀ ਇੱਛਿਆ ਕੀ ਹੈ। ਰੋਮੀਆਂ 12:2

2ਕੁਰਿੰਥਿਆ 10:2-6 . . . ਜਿਹੜੇ ਸਾਨੂੰ **ਸਰੀਰ ਦੇ ਅਨੁਸਾਰ ਚੱਲਣ ਵਾਲੇ** ਜੇਹੇ ਸਮਝਦੇ ਹਨ। (3) ਅਸੀਂ ਭਾਵੇਂ ਸਰੀਰ ਦੇ ਵਿੱਚ ਚੱਲਦੇ ਹਾਂ ਪਰ ਸਰੀਰ ਦੇ ਅਨੁਸਾਰ ਜੁੱਧ ਨਹੀਂ ਕਰਦੇ। (4) ਇਸ ਲਈ ਜੋ ਸਾਡੇ ਜੁੱਧ ਦੇ **ਸ਼ਸਤਰ** ਸਰੀਰਕ ਨਹੀਂ ਸਗੋਂ **ਪਰਮੇਸ਼ੁਰ ਦੇ ਭਾਣੇ ਕਿਲ੍ਹਿਆਂ ਦੇ ਢਾਹ ਦੇਣ** ਲਈ ਡਾਢੇ ਤਕੜੇ ਹਨ। (5) ਸੋ ਅਸੀਂ ਵਹਿਮਾਂ ਨੂੰ ਅਤੇ **ਹਰ ਇੱਕ ਉੱਚੀ ਗੱਲ** ਨੂੰ ਜਿਹੜੀ ਪਰਮੇਸ਼ੁਰ ਦੇ ਗਿਆਨ ਦੇ ਵਿਰੁੱਧ ਸਿਰ ਚੁੱਕਦੀ ਹੈ ਢਾਹ ਦਿੰਦੇ ਹਾਂ ਅਤੇ **ਹਰ ਇੱਕ ਖਿਆਲ ਨੂੰ ਬੰਧਨ ਵਿੱਚ ਲਿਆਉਂਦੇ ਹਾਂ** ਭਈ ਉਹ ਮਸੀਹ ਦਾ **ਆਗਿਆਕਾਰ** ਹੋਵੇ। (6) ਅਤੇ ਜਾਂ ਤੁਹਾਡੀ ਆਗਿਆਕਾਰੀ ਪੂਰੀ ਹੋ ਜਾਵੇ ਤਾਂ ਅਸੀਂ ਹਰ ਤਰਾਂ ਦੀ ਅਣਆਗਿਆਕਾਰੀ ਦਾ ਵੱਟਾ ਲੈਣ ਨੂੰ ਤਿਆਰ ਹਾਂ।

ਇਹ ਸਾਡੀ ਮੁੱਖ ਲੜਾਈ ਹੈ – ਆਪਣੀ ਬੁੱਧ ਦੇ ਨਵੇਂ ਹੋਣ ਦੁਆਰਾ ਬਦਲਣਾ (ਕੀ ਸਹੀ ਅਤੇ ਗਲਤ ਹੈ, ਸਾਨੂੰ ਕੀ ਕਰਨਾ ਹੈ ਅਤੇ ਕੀ ਨਹੀਂ ਹੈ, ਦੇ ਲਈ )।

- ਆਪਣੇ ਦਿਮਾਗੀ ਕੰਪਿਊਟਰ ਨੂੰ ਦੁਬਾਰਾ ਤੋਂ ਪ੍ਰੋਗਰਾਮ ਕਰਨ ਲਈ ਸਾਨੂੰ ਖਰਾਬ ਸੋਫਟਵੇਅਰ ਨੂੰ ਹਰ ਦਿਨ ਪ੍ਰਤੀ ਘੰਟੇ "ਪਰਮੇਸ਼ੁਰ ਦੇ ਬਚਨ" ਨੂੰ ਪੜ੍ਹਨ, ਸਿੱਖਣ ਅਤੇ ਯਾਦ ਕਰਨ ਦੁਆਰਾ ਬਦਲਣ ਦੀ ਲੋੜ ਹੈ।

ਅਤੇ ਹਰ ਇੱਕ ਵਿਚਾਰ ਨੂੰ ਵੱਸ ਕਰਨ ਦੁਆਰਾ, ਅਤੇ ਜੋ ਪਰਮੇਸ਼ੁਰ ਦਾ "ਬਚਨ" ਕਹਿੰਦਾ ਹੈ ਇਸ ਨੂੰ ਉਸ ਨਾਲ ਬਦਲਣਾ ਅਤੇ ਉਸ ਦੀ ਪਾਲਣਾ ਕਰਨਾ।

- ਆਪਣੇ ਕਿੰਨੇ ਵਿਚਾਰਾਂ ਨੂੰ ਤੁਸੀਂ ਵੱਸ ਕਰ ਚੁੱਕੇ ਹੋ ਜਾਂ ਕਰਦੇ ਹੋ ?

ਇਹ ਯੁੱਧ ਹੈ ਜੋ ਸਾਨੂੰ ਲਗਾਤਾਰ ਲੜਨਾ ਅਤੇ ਜਿੱਤ ਤੋਂ ਬਾਅਦ ਜਿੱਤ ਪਾਉਣਾ ਲਾਜ਼ਮੀ ਹੈ, ਅਮੋਰੀਆਂ, ਹਿੱਤੀਆਂ, ਪ੍ਰਿਜੀਆਂ, ਕਨਾਨੀਆਂ, ਹਿੱਵੀਆ ਅਤੇ ਯਬੂਸੀਆਂ ਨੂੰ ਇੱਕ-ਇੱਕ ਕਰਕੇ ਬਾਹਰ ਧੱਕਣਾ ਹੈ।

ਜਦੋਂ ਅਸੀਂ ਪਰਮੇਸ਼ੁਰ ਦੇ ਰਾਜ ਵਿੱਚ ਬਣੇ ਰਹਿੰਦੇ ਹਾਂ ਤਾਂ ਅਸੀਂ **ਰਾਜ ਦੇ ਸਿਧਾਤਾਂ** ਨੂੰ **ਗ੍ਰਹਿਣ** ਕਰਦੇ ਅਤੇ **ਉਨ੍ਹਾਂ ਅਨੁਸਾਰ ਜਿਉਂਦੇ** ਹਾਂ। ਉਹ ਜਿਹੜਾ ਆਖਦਾ ਹੈ ਭਈ ਮੈਂ ਓਸ ਵਿੱਚ ਕਾਇਮ ਰਹਿੰਦਾ ਹਾਂ ਤਾਂ ਚਾਹੀਦਾ ਹੈ ਭਈ ਜਿਵੇਂ ਉਹ ਚੱਲਦਾ ਸੀ ਤਿਵੇਂ ਆਪ ਵੀ ਚੱਲੇ। 1 ਯੂਹੰਨਾ 2:6

- ਬੁਰਾਈ ਨੂੰ ਭਲਾਈ ਨਾਲ ਜਿੱਤੋ।    ਰੋਮੀਆਂ 12:2
- ਜਿਹੜੇ ਤੁਹਾਨੂੰ ਸਤਾਉਂਣ ਉਨ੍ਹਾਂ ਨੂੰ ਬਰਕਤ ਦੇਵੋ; ਬਰਕਤ ਦੇਵੋ, ਸਰਾਪ ਨਾ ਦੇਵੋ।    ਰੋਮੀਆਂ 12:14
- ਜਿਹੜਾ ਤੁਹਾਡੀ ਗੱਲ੍ਹ ’ਤੇ ਥੱਪੜ ਮਾਰੇ, ਦੂਸਰੀ ਵੀ ਉਸ ਵੱਲ ਮੋੜ ਦੇਵੋ।    ਮੱਤੀ 5:39
- ਦਯਾ ਨਿਆਂ ਤੇ ਜਿੱਤ ਪਾਉਂਦੀ ਹੈ।    ਯਾਕੂਬ 2:13
- ਦੇਵੋ ਤਾਂ ਤੁਹਾਨੂੰ ਵੀ ਦਿੱਤਾ ਜਾਵੇਗਾ।    ਲੂਕਾ 6:38
- ਆਪਣੀ ਜਾਨ ਬਚਾਉਂਦਾ ਹੈ ਉਹ ਇਸ ਨੂੰ ਖੋਵੇਗਾ, ਜਿਹੜਾ ਯਿਸੂ ਨੂੰ ਦਿੰਦਾ ਹੈ ਉਹ ਇਸ ਨੂੰ ਬਚਾਉਂਦਾ ਹੈ।    ਲੂਕਾ 9:24
- ਉਹ ਕੱਪੜਾ ਜੋ ਤੁਸੀਂ ਦੁਨੀਆ ਦੇ ਕਿਸੇ ਵੀ ਕੱਪੜੇ ਅਤੇ ਸਰੀਰਕ "ਸਜਾਵਟ" ਤੋਂ ਜ਼ਿਆਦਾ ਪਹਿਨਣ ਦੀ ਇੱਛਾ ਰੱਖਦੇ ਹੋ, ਉਹ **ਰਾਜ ਦਾ ਪਹਿਰਾਵਾ** ਹੈ:
    - ਅਫਸੀਆਂ 6:10-18 ਪਰਮੇਸ਼ੁਰ ਦੇ ਸਾਰੇ ਸ਼ਸਤਰ ਬਸਤਰ **ਧਾਰੋ**
    - ਕਹਾਉਤਾਂ 3:21-22 ਦਨਾਈ ਅਤੇ ਸੋਝੀ ਨੂੰ ਸਾਂਭ ਕੇ ਰੱਖ, ਓਹ ਤੇਰੇ ਜੀ ਲਈ ਜੀਉਣ, ਅਤੇ ਤੇਰੇ ਗਲ ਲਈ **ਸਿੰਗਾਰ** ਹੋਣਗੀਆਂ।
    - 1 ਪਤਰਸ 3:2-4 ਅਤੇ ਤੁਹਾਡਾ ਸਿੰਗਾਰ ਸਿਰ ਗੁੰਦਣ ਅਤੇ ਸੋਨੇ ਦੇ ਗਹਿਣੇ ਪਾਉਣ ਅਥਵਾ ਬਸਤਰ ਪਹਿਨਣ ਦੇ ਨਾਲ ਬਾਹਰਲਾ ਨਾ ਹੋਵੇ। ਪਰ ਉਹ ਮਨ ਦੀ ਗੁਪਤ ਇਨਸਾਨੀਅਤ ਹੋਵੇ ਜਿਹੜੀ ਓਸ ਅਵਨਾਸੀ **ਸਿੰਗਾਰ** ਨਾਲ ਹੈ ਅਰਥਾਤ ਕੋਮਲ ਅਤੇ ਗੰਭੀਰ ਆਤਮਾ ਨਾਲ ਕਿਉਂ ਜੋ ਇਹ ਪਰਮੇਸ਼ੁਰ ਦੇ ਲੇਖੇ ਵੱਡੇ ਮੁੱਲ ਦਾ ਹੈ। (ਲੇਵੀਆਂ 19:28)
      ਇਹ ਬਚਨ ਕਹਿ ਰਿਹਾ ਹੈ ਕਿ ਜੇਕਰ ਅੰਦਰੀ ਖੂਬਸੂਰਤੀ ਬਾਹਰਲੀ ਨਾਲੋਂ ਜ਼ਿਆਦਾ ਖੂਬਸੂਰਤ ਅਤੇ ਆਕਰਸ਼ਿਤ ਹੈ ਤਾਂ ਉਹ ਸਾਡੀ ਪਹਿਲ ਹੋਣੀ ਚਾਹੀਦੀ ਹੈ।

ਯੂਹੰਨਾ 15:19 **ਜੇ ਤੁਸੀਂ ਜਗਤ ਦੇ ਹੁੰਦੇ** ਤਾਂ ਜਗਤ ਆਪਣਿਆਂ ਨਾਲ ਤੇਹ ਕਰਦਾ ਪਰ ਇਸ ਕਰਕੇ ਜੋ **ਤੁਸੀਂ ਜਗਤ ਦੇ ਨਹੀਂ ਹੋ . . . . .**

- ਇਸ ਲਈ ਅਸੀਂ ਕਿਉਂ ਪਹਿਰਾਵੇ ਅਤੇ ਕੰਮਾਂ ਵਿੱਚ ਇਸ ਜਗਤ ਵਰਗੇ ਹੋਣ ਲਈ ਐਨਾ ਜ਼ਿਆਦਾ **ਗੰਭੀਰ** ਹੋ ਰਹੇ ਹਾਂ ? (ਲੇਵੀਆਂ 19:28)।

- ਸਾਡਾ ਪਹਿਰਾਵਾ ਅਤੇ ਕੰਮ ਕਿਸ ਦੀ ਘੋਸ਼ਣਾ ਕਰਦੇ ਹਨ ਅਤੇ ਕਿਸ ਨੂੰ ਖੁਸ਼ ਕਰਦੇ ਹਨ ?

ਯੂਹੰਨਾ 17:14 . . . ਓਹ **ਜਗਤ ਦੇ ਨਹੀਂ ਹਨ** ਜਿਵੇਂ **ਮੈਂ ਜਗਤ ਦਾ ਨਹੀਂ ਹਾਂ।**

ਕੁਲੁੱਸੀਆਂ 2:20 **ਜੇ** ਤੁਸੀਂ ਮਸੀਹ ਦੇ ਨਾਲ **ਸੰਸਾਰ ਦੀਆਂ ਮੂਲ ਗੱਲਾਂ** ਤੋਂ ਮਰ ਗਏ ਤਾਂ ਸੰਸਾਰ ਵਿੱਚ ਜੀਉਂਦਿਆਂ ਵਾਂਙੁ **ਕਿਉਂ** ਏਹੋ **ਜੇਹੀਆਂ ਬਿਧੀਆਂ ਦੇ ਵੱਸ ਵਿੱਚ ਆਉਂਦੇ ਹੋ . . .** ਜਗਤ ਦੀਆਂ ਹਨ ਅਤੇ ਇਸ ਦੇ ਮਾਰਗ ਉਲਟੇ ਹਨ ਅਤੇ ਪਰਮੇਸ਼ੁਰ ਦੇ ਰਾਜ ਦੇ ਵਿਰੁੱਧ ਹਨ?????

ਜ਼ਬੂਰ 1:1-3 ਧੰਨ ਹੈ ਉਹ ਮਨੁੱਖ ਜਿਹੜਾ ਦੁਸ਼ਟਾਂ ਦੀ ਮੱਤ ਉੱਤੇ **ਨਹੀਂ ਚੱਲਦਾ**, ਨਾ ਪਾਪੀਆਂ ਦੇ ਰਾਹ ਵਿੱਚ **ਖੜਾ ਰਹਿੰਦਾ**, ਅਤੇ ਨਾ ਮਖ਼ੌਲੀਆਂ ਦੀ ਜੁੰਡੀ ਵਿੱਚ **ਬਹਿੰਦਾ ਹੈ**। (2) ਪਰ ਉਹ **ਯਹੋਵਾਹ ਦੀ ਬਿਵਸਥਾ** ਵਿੱਚ **ਮਗਨ ਰਹਿੰਦਾ**, ਅਤੇ ਦਿਨ ਰਾਤ ਉਸ ਦੀ ਬਿਵਸਥਾ ਉੱਤੇ ਧਿਆਨ ਕਰਦਾ ਹੈ। (3) ਉਹ ਤਾਂ ਉਸ ਬਿਰਛ ਵਰਗਾ ਹੋਵੇਗਾ, ਜੋ ਪਾਣੀ ਦੀਆਂ ਨਦੀਆਂ ਉੱਤੇ ਲਾਇਆ ਹੋਇਆ ਹੈ, ਜਿਹੜਾ ਰੁਤ ਸਿਰ **ਆਪਣਾ ਫਲ ਦਿੰਦਾ ਹੈ**, ਜਿਹ ਦੇ ਪੱਤੇ ਨਹੀਂ ਕੁਮਲਾਉਂਦੇ, ਅਤੇ **ਜੋ ਕੁਝ ਉਹ ਕਰੇ ਸੋ ਸਫ਼ਲ ਹੁੰਦਾ ਹੈ।**

"ਮਖ਼ੌਲੀਆਂ ਦੀ ਜੁੰਡੀ ਵਿੱਚ ਬੈਠਣ" ਦੇ ਬਾਰੇ: :

ਅੱਜ ਸਚਿਆਈ ਦੇ ਵਿਸ਼ੇ ਵਿੱਚ **ਵਿਸ਼ਵਵਿੱਦਿਆਲਿਆ "ਖੁੱਲੇ ਰਾਹ"** ਪਿੱਛੇ ਚੱਲ ਰਹੇ ਹਨ। ਇਹ ਵਿਸ਼ਵਾਸ ਕਰਦੇ ਹੋਏ ਕਿ ਸਚਿਆਈ **ਸਬੰਧਿਤਾ** ਹੈ ਅਤੇ ਜੋ ਸਚਿਆਈ ਹੈ ਉਹ ਮੌਕੇ ਤੇ ਹਲਾਤ ਉੱਤੇ ਨਿਰਭਰ ਕਰਦੀ ਹੈ ਅਤੇ ਜੋ ਇਸ ਘਟਨਾ ਵਿੱਚ ਸਚਿਆਈ ਹੈ ਜਾਂ ਕਿਉਂਕਿ ਇੱਕ ਵਿਅਕਤੀ ਦੂਸਰੀ ਘਟਨਾ ਵਿੱਚ ਸੱਚਾ ਨਹੀਂ ਹੈ ਜਾਂ ਦੂਸਰੇ ਵਿਅਕਤੀ ਲਈ। ਇਹ ਵਿਸ਼ਵਾਸ ਕਰਦੇ ਹੋਏ ਕਿ ਪੂਰਨ ਸਹੀ ਅਤੇ ਗਲਤ ਵਜੂਦ ਨਹੀਂ ਰੱਖਦੇ ਅਤੇ ਉਨ੍ਹਾਂ ਲਈ ਇਹ ਅਜ਼ਾਦੀ ਹੈ।

ਪਰ ਉਹ ਇਹ ਨਹੀਂ ਸਮਝਦੇ: **ਹਰ ਇਕ** ਜੋ ਪਾਪ ਕਰਦਾ ਹੈ ਉਹ ਪਾਪ ਦਾ **ਗੁਲਾਮ** ਹੈ। ਹਾਂ, ਸ਼ਾਇਦ ਉਹ "ਇਕ ਰੁੱਤ ਲਈ ਪਾਪ ਦੇ ਆਨੰਦ" ਨੂੰ ਮਾਣ ਰਹੇ ਹਨ ਪਰ ਨਤੀਜੇ ਵਜੋਂ **ਜਿੰਦਗੀਆਂ ਦਾ ਬਹੁਤ ਨੁਕਸਾਨ ਹੁੰਦਾ ਹੈ**।

**ਸਬੰਧਵਾਦ :** ਇੱਕ ਸਿਧਾਂਤ ਹੈ ਕਿ ਸਚਿਆਈ ਅਤੇ ਨੈਤਿਕ ਕੀਮਤਾਂ ਪੂਰਨ ਨਹੀਂ ਹਨ ਬਲਕਿ ਵਿਅਕਤੀਆਂ ਜਾਂ ਝੁੰਡ ਨਾਲ ਸਬੰਧ ਰੱਖਦੀਆਂ ਹਨ, ਜੋ ਉਨ੍ਹਾਂ ਨੂੰ ਫੜ੍ਹ ਕੇ ਰੱਖਦੇ ਹਨ।

- ਲੋਕ ਇਸ ਉੱਤੇ ਵਿਸ਼ਵਾਸ ਕਰਨਾ ਪਸੰਦ ਕਰਦੇ ਹਨ। ਇਹ ਕਿਸੇ ਹੱਦ ਤੱਕ ਉਨ੍ਹਾਂ ਦੇ ਵਿਵੇਕ ਨੂੰ ਸਾਫ਼ ਕਰਦ ਦਿੰਦਾ ਹੈ ਜਿਵੇਂ ਉਹ ਆਪਣੇ ਸਾਥੀਆਂ ਨੂੰ ਖੁਸ਼ ਕਰਨ ਦੀ ਇੱਛਾ ਕਰਦੇ ਹੋਏ ਭੀੜ ਦੇ ਪਿੱਛੇ ਲਗਾਤਾਰ ਚੱਲਦੇ ਹਨ।

ਸਬੰਧਵਾਦ ਦਾ ਕਥਨ ਬਿਲਕੁਲ ਅੰਧਕਾਰ ਦੇ ਰਾਜ ਵਿਚੋਂ ਆਉਂਦਾ ਹੈ ਅਤੇ ਪਰਮੇਸ਼ੁਰ ਦੇ ਰਾਜ ਦੇ ਬਿਲਕੁਲ ਵਿਰੁਧ ਵਿੱਚ ਹੈ।

ਬਿਵਸਥਾ ਸਾਰ 12: 8 ਤੁਸੀਂ ਕੋਈ ਅਜੇਹਾ **ਕੰਮ ਨਾ ਕਰਿਓ** ਜਿਵੇਂ ਅੱਜ ਅਸੀਂ ਏਥੇ ਕਰਦੇ ਹਾਂ। ਏਥੇ **ਹਰ ਮਨੁੱਖ ਜੋ ਉਸ ਦੀ ਨਿਗਾਹ ਵਿੱਚ ਭਲਾ ਹੈ ਉਹੀ ਕਰਦਾ ਹੈ**

## ਪੂਰਨ ਸਹੀ ਅਤੇ ਗਲਤ ਹਨ ਅਤੇ ਦੋਨੋਂ ਨਤੀਜਿਆਂ ਦੇ ਨਾਲ ਹਨ

- ਸਵਰਗ ਪੂਰਨ ਤੌਰ 'ਤੇ ਅਸਲ ਹੈ  ਨਰਕ ਪੂਰਨ ਤੌਰ 'ਤੇ ਅਸਲ ਹੈ

- ਅਤੇ ਸਵਰਗ ਲਈ ਸਿਰਫ ਇੱਕ ਮਾਰਗ ਹੈ ਰਸੂਲਾਂ 4:12

**ਤੁਸੀਂ ਧੋਖਾ ਨਾ ਖਾਓ**, ਪਰਮੇਸ਼ੁਰ ਠੱਠਿਆਂ ਵਿੱਚ ਨਹੀਂ ਉਡਾਈਦਾ ਕਿਉਂਕਿ ਮਨੁੱਖ **ਜੋ ਕੁਝ** ਬੀਜਦਾ ਹੈ **ਸੋਈਓ ਵੱਢੇਗਾ ਭੀ**। ਜਿਹੜਾ **ਆਪਣੇ ਸਰੀਰ ਲਈ ਬੀਜਦਾ ਹੈ** ਉਹ ਸਰੀਰੋਂ **ਬਿਨਾਸ ਨੂੰ ਵੱਢੇਗਾ** ਅਤੇ ਜਿਹੜਾ **ਆਤਮਾ ਲਈ ਬੀਜਦਾ ਹੈ** ਉਹ ਆਤਮਾ ਤੋਂ ਸਦੀਪਕ **ਜੀਵਨ ਨੂੰ ਵੱਢੇਗਾ**। ਗਲਾਤੀਆਂ 6:7-8

ਉਹ ਜਿਹੜੇ "ਚੌੜੇ ਦਰਵਾਜ਼ੇ" ਅਤੇ "ਖੁੱਲ੍ਹੇ ਰਾਹ" ਵਿੱਚੋਂ ਦੀ ਚੱਲਦੇ ਹਨ ਇਹ ਹਨ:

- ਪੂਰਨ ਸੱਚ ਅਤੇ ਪੂਰਨ ਗਲਤ ਦਾ ਤ੍ਰਿਸਕਾਰ ਕਰਦੇ ਹਨ।
- ਚਾਨਣ ਦੀ ਜਗ੍ਹਾ ਅੰਧੇਰੇ ਅਤੇ ਅੰਧੇਰੇ ਲਈ ਚਾਨਣ ਨੂੰ ਗ੍ਰਹਿਣ ਕਰਦੇ ਹਨ।
- ਸੱਚ ਨੂੰ ਝੂਠ ਵਿੱਚ ਅਤੇ ਝੂਠ ਨੂੰ ਸੱਚ ਵਿੱਚ ਬਦਲਦੇ ਹਨ।
- ਭੱਦਤਾ ਨੂੰ ਸੁਹੱਪਣ ਅਤੇ ਸੁਹੱਪਣ ਨੂੰ ਭੱਦਤਾ ਕਹਿੰਦੇ ਹਨ।
- ਅਤੇ ਸ਼ਰਮ ਦੀਆਂ ਗੱਲਾਂ ਵਿੱਚ ਮਹਿਮਾ ਲੈਂਦੇ ਹਨ।

ਯਸਾਯਾਹ 5:20-21 **ਹਾਇ** ਓਹਨਾਂ ਉੱਤੇ ਜਿਹੜੇ **ਬੁਰਿਆਈ ਨੂੰ ਭਲਿਆਈ ਅਤੇ ਭਲਿਆਈ ਨੂੰ ਬੁਰਿਆਈ ਆਖਦੇ ਹਨ**! ਜਿਹੜੇ **ਅਨ੍ਹੇਰ ਨੂੰ ਚਾਨਣ ਦੇ ਥਾਂ, ਅਤੇ ਚਾਨਣ ਨੂੰ ਅਨ੍ਹੇਰ ਦੇ ਥਾਂ ਰੱਖਦੇ ਹਨ**! ਜਿਹੜੇ ਕੌੜੇ ਨੂੰ ਮਿੱਠੇ ਦੇ ਥਾਂ, ਅਤੇ ਮਿੱਠੇ ਨੂੰ ਕੌੜੇ ਦੇ **ਥਾਂ ਰੱਖਦੇ ਹਨ**! ਹਾਇ ਓਹਨਾਂ ਉੱਤੇ ਜਿਹੜੇ ਆਪਣੀ ਨਿਗਾਹ ਵਿੱਚ ਸਿਆਣੇ ਹਨ, ਅਤੇ ਆਪਣੇ ਖਿਆਲ ਵਿੱਚ ਬਿਬੇਕੀ ਹਨ!

ਫ਼ਿਲਿੱਪੀਆਂ 3:18-21 ਕਿਉਂਕਿ ਬਾਹਲੇ ਅਜਿਹੇ ਚੱਲਣ ਵਾਲੇ ਹਨ ਜਿਨ੍ਹਾਂ ਦੀ ਗੱਲ ਕਈ ਵਾਰ ਮੈਂ ਤੁਹਾਡੇ ਨਾਲ ਕੀਤੀ ਹੈ ਅਤੇ ਹੁਣ ਭੀ ਰੁਦਨ ਕਰ ਕੇ ਆਖਦਾ ਹਾਂ ਜੋ ਓਹ **ਮਸੀਹ ਦੀ ਸਲੀਬ ਦੇ ਵੈਰੀ** ਹਨ। ਜਿਨ੍ਹਾਂ ਦਾ ਅੰਤ **ਬਿਨਾਸ** ਹੈ, ਜਿਨ੍ਹਾਂ ਦਾ ਈਸ਼ੁਰ ਢਿੱਡ ਹੈ, **ਜਿਨ੍ਹਾਂ ਦਾ ਘੁਮੰਡ ਆਪਣੀ ਸ਼ਰਮ ਉੱਤੇ ਹੈ**, ਜਿਨ੍ਹਾਂ ਦਾ ਮਨ ਪ੍ਰਿਥਵੀ ਦੀਆਂ ਵਸਤਾਂ ਉੱਤੇ ਲੱਗਿਆ ਹੋਇਆ ਹੈ। ਕਿਉਂ ਜੋ **ਅਸੀਂ ਸੁਰਗ ਦੀ ਪਰਜਾ ਹਾਂ** ਜਿੱਥੋਂ ਅਸੀਂ ਇੱਕ ਮੁਕਤੀ ਦਾਤੇ ਅਰਥਾਤ ਪ੍ਰਭੂ ਯਿਸੂ ਮਸੀਹ ਦੀ **ਉਡੀਕ ਵੀ ਕਰਦੇ** ਹਾਂ।

ਇਸ ਦੁਨੀਆ ਦੇ ਰਾਜ ਦੇ ਸਿਧਾਂਤ ਪੂਰੀ ਤਰ੍ਹਾਂ ਵਿਰੋਧ ਵਿੱਚ ਅਤੇ ਪਰਮੇਸ਼ੁਰ ਦੇ ਰਾਜ ਦੇ ਸਿਧਾਂਤਾਂ ਦੇ ਉਲਟ ਹਨ।

ਲੇਵੀਆਂ 18:3-5 ਮਿਸਰ ਦੇ ਦੇਸ ਦੇ ਕਰਤੱਬ ਦੇ ਅਨੁਸਾਰ ਜਿਸ ਦੇ ਵਿੱਚ ਤੁਸੀਂ ਵਸਦੇ ਸੀ **ਤੁਸਾਂ ਨਾ ਕਰਨਾ**, ਅਤੇ ਕਨਾਨ ਦੇ ਦੇਸ ਦੇ ਕਰਤੱਬ ਦੇ ਅਨੁਸਾਰ ਜਿੱਥੇ ਮੈਂ ਤੁਹਾਨੂੰ ਲਿਆਉਂਦਾ ਹਾਂ **ਤੁਸਾਂ ਨਾ ਕਰਨਾ**, **ਨਾ ਤੁਸਾਂ ਉਨ੍ਹਾਂ ਦੀਆਂ ਰੀਤਾਂ ਵਿੱਚ ਚੱਲਣਾ**। (4) ਤੁਸਾਂ ਮੇਰਿਆਂ ਨਿਆਵਾਂ **ਨੂੰ ਕਰਨਾ** ਅਤੇ ਉਨ੍ਹਾਂ ਦੇ ਵਿੱਚ ਤੁਰਨ ਲਈ ਮੇਰੀਆਂ **ਰੀਤਾਂ ਨੂੰ ਧਿਆਨ ਰੱਖਣਾ**, ਮੈਂ ਯਹੋਵਾਹ ਤੁਹਾਡਾ ਪਰਮੇਸ਼ੁਰ ਹਾਂ। (5) ਸੋ ਤੁਸਾਂ ਮੇਰੀਆਂ **ਬਿਧਾਂ ਅਤੇ ਮੇਰਿਆਂ ਨਿਆਵਾਂ ਨੂੰ ਧਿਆਨ ਰੱਖਣਾ**। ਜੇ ਕੋਈ ਇਨ੍ਹਾਂ ਨੂੰ **ਪੂਰਾ ਕਰੇ ਤਾਂ ਉਹ ਇਨ੍ਹਾਂ ਵਿੱਚ ਜੀਉਂਦਾ ਰਹੇਗਾ।** ਮੈਂ ਹੀ ਯਹੋਵਾਹ ਹਾਂ।

ਲੇਵੀਆਂ 18 ਵਿਨਾਸ਼ ਲਿਆਉਣ ਵਾਲੀਆਂ ਖਾਸ ਅਨੈਤਿਕ ਗੱਲਾਂ ਨਾਲ ਜਾਰੀ ਰਹਿੰਦਾ ਹੈ.

ਸਿਧਾਂਤਾ ਦਾ ਇੱਕ ਸਮੂਹ ਝੂਠ, ਧੋਖਾ, ਦੁੱਖ, ਸਮੱਸਿਆਂ, ਦਰਦ, ਗਰੀਬੀ, ਬੰਧਨ, ਵਿਨਾਸ਼ ਅਤੇ ਮੌਤ ਲੈ ਕੇ ਆਉਂਦਾ ਹੈ। ਅਤੇ ਯਹੋਵਾਹ ਦੇ ਸਿਧਾਂਤਾ ਦਾ ਸਮੂਹ ਸਹੀ ਸਬੰਧ, ਸਚਿਆਈ, ਸ਼ਾਂਤੀ, ਆਨੰਦ ਅਤੇ ਭਰਪੂਰ ਜੀਵਨ ਲੈ ਕੇ ਆਉਂਦਾ ਹੈ।

2 ਪਤਰਸ 1:3-11 ਜਦੋਂ ਉਹ ਦੀ ਈਸ਼ੁਰੀ ਸਮਰੱਥਾ ਨੇ ਸੱਭੋ **ਕੁਝ ਜੋ ਜੀਵਨ ਅਤੇ ਭਗਤੀ ਨਾਲ ਵਾਸਤਾ ਰੱਖਦਾ ਹੈ** ਸਾਨੂੰ ਓਸੇ ਦੇ **ਗਿਆਨ** ਦੇ ਦੁਆਰਾ ਦਿੱਤਾ ਹੈ ਜਿਹ ਨੇ ਆਪਣੇ ਹੀ ਪਰਤਾਪ ਅਤੇ ਗੁਣ ਨਾਲ ਸਾਨੂੰ ਸੱਦਿਆ। (4) ਜਿਨ੍ਹਾਂ ਦੇ ਰਾਹੀਂ ਉਹ ਨੇ ਸਾਨੂੰ **ਅਮੋਲਕ ਅਤੇ ਵੱਡੇ ਵੱਡੇ** ਵਾਇਦੇ ਦਿੱਤੇ ਹਨ ਭਈ ਤੁਸੀਂ ਓਸ ਵਿਨਾਸ ਤੋਂ **ਛੁੱਟ ਕੇ** ਜੋ ਕਾਮਨਾ ਦੇ ਕਾਰਨ ਜਗਤ ਵਿੱਚ ਹੈ **ਉਨ੍ਹਾਂ ਦੇ** ਦੁਆਰਾ ਈਸ਼ੁਰੀ ਸੁਭਾਉ ਵਿੱਚ **ਸਾਂਝੀ** ਹੋ ਜਾਓ। (5) ਸਗੋਂ ਇਸੇ ਕਾਰਨ ਤੁਸੀਂ ਆਪਣੀ ਵੱਲੋਂ **ਵੱਡਾ ਜਤਨ ਕਰ ਕੇ** ਆਪਣੀ **ਨਿਹਚਾ** ਨਾਲ **ਨੇਕੀ** ਅਤੇ ਨੇਕੀ ਨਾਲ ਗਿਆਨ। (6) ਅਤੇ ਗਿਆਨ ਨਾਲ ਸੰਜਮ ਅਤੇ **ਸੰਜਮ** ਨਾਲ **ਧੀਰਜ** ਅਤੇ ਧੀਰਜ ਨਾਲ **ਭਗਤੀ**। (7) ਅਤੇ ਭਗਤੀ ਨਾਲ **ਭਰੱਪਣ ਦਾ ਪ੍ਰੇਮ** ਅਤੇ ਭਰੱਪਣ ਦੇ ਪ੍ਰੇਮ ਨਾਲ ਪ੍ਰੇਮ ਨੂੰ ਵਧਾਈ ਜਾਓ। (8) ਕਿਉਂ ਜੋ ਏਹ ਗੁਣ ਜੇ ਤੁਹਾਡੇ ਵਿੱਚ ਹੋਣ ਅਤੇ ਵਧਦੇ ਜਾਣ ਤਾਂ ਓਹ ਤੁਹਾਨੂੰ ਸਾਡੇ ਪ੍ਰਭੂ ਯਿਸੂ ਮਸੀਹ ਦੇ ਗਿਆਨ ਵਿੱਚ ਨਾ ਆਲਸੀ ਅਤੇ ਨਾ ਨਿਸਫਲ ਹੋਣ ਦੇਣਗੇ। (9) ਪਰ ਜਿਹ ਦੇ ਵਿੱਚ ਏਹ ਗੁਣ ਨਹੀਂ ਉਹ ਅੰਨ੍ਹਾਂ ਹੈ ਅਤੇ ਉਹ ਨੂੰ ਮੋਟਾ ਵਿਖਾਈ ਦਿੰਦਾ ਹੈ ਅਤੇ ਭੁੱਲ ਗਿਆ ਹੈ ਭਈ ਮੈਂ ਆਪਣੇ ਅਗਲੇ ਪਾਪਾਂ ਤੋਂ ਸ਼ੁੱਧ ਕੀਤਾ ਗਿਆ ਸਾਂ। (10) ਇਸ ਕਾਰਨ ਹੇ ਭਰਾਵੋ, ਆਪਣੇ ਸੱਦੇ ਜਾਣ ਅਤੇ ਚੁਣੇ ਜਾਣ ਨੂੰ ਪੱਕਿਆਂ ਕਰਨ ਦਾ ਹੋਰ ਭੀ **ਜਤਨ ਕਰੋ** ਕਿਉਂਕਿ ਜੇ ਤੁਸੀਂ ਏਹ **ਕੰਮ ਕਰੋ ਤਾਂ ਕਦੇ ਠੇਡਾ ਨਾ ਖਾਓਗੇ**। (11) ਕਿਉਂ ਜੋ ਇਸੇ ਪਰਕਾਰ ਤੁਹਾਨੂੰ ਸਾਡੇ ਪ੍ਰਭੂ ਅਤੇ ਮੁਕਤੀ ਦਾਤੇ ਯਿਸੂ ਮਸੀਹ ਦੇ **ਸਦੀਪਕ ਰਾਜ ਵਿੱਚ ਵੱਡੀ ਖੁਲ੍ਹ ਨਾਲ ਪਰਵੇਸ਼ ਕਰਨਾ ਮਿਲੇਗਾ**।

ਉੱਦਮੀ ਅਤੇ ਸੁਚੇਤ ਬਣਨ ਲਈ ਸਾਨੂੰ ਇਹ ਕਰਨਾ ਲਾਜਮੀ ਹੈ: ਸੋ ਤੁਸੀਂ ਇਸ ਬਿਧ ਨਾਲ ਪ੍ਰਾਰਥਨਾ ਕਰੋ,— ਹੇ ਸਾਡੇ ਪਿਤਾ, ਜਿਹੜਾ ਸੁਰਗ ਵਿੱਚ ਹੈਂ, ਤੇਰਾ ਨਾਮ ਪਾਕ ਮੰਨਿਆ ਜਾਵੇ, ।(10) **ਤੇਰਾ ਰਾਜ ਆਵੇ**,ਤੇਰੀ ਮਰਜ਼ੀ ਜਿਹੀ ਸੁਰਗ ਵਿੱਚ ਪੂਰੀ ਹੁੰਦੀ ਹੈ ਜਮੀਨ ਉੱਤੇ ਵੀ ਹੋਵੇ । ਮੱਤੀ 6:910

- "ਧਰਤੀ ਉੱਤੇ" - ਇਸੇ ਲਈ ਅਸੀਂ ਰਚੇ ਗਏ ਹਾਂ। ਜੇ ਅਸੀਂ ਗੰਮਭੀਰਤਾ ਨਾਲ ਇਸ ਪ੍ਰਾਰਥਨਾ ਨੂੰ ਕਰੀਏ ਜਿਵੇਂ ਸਾਨੂੰ ਦੱਸਿਆ ਗਿਆ ਹੈ, ਤਾਂ ਅਸੀਂ ਇੱਛਾ ਕਰਦੇ ਅਤੇ ਬੇਨਤੀ ਕਰਦੇ ਹਾਂ ਕਿ ਰਾਜਾ ਸਾਡੇ ਜੀਵਨਾਂ ਵਿੱਚ ਰਾਜ ਕਰੇ ਅਤੇ ਅਸੀਂ ਉਸਦੀ ਪਾਲਣਾ ਕਰਾਂਗੇ। ਇਸ ਪ੍ਰਕਾਰ ਅਸੀਂ ਉਸਦੇ ਨਿਰਦੇਸ਼ਾਂ, ਉਸ ਦੇ ਸਿਧਾਂਤਾ ਦੁਆਰਾ ਜੀਵਾਂਗੇ। ਨਤੀਜਾ – ਸਾਡਾ ਜੀਵਨ ਇਸ ਤਰ੍ਹਾਂ ਦਾ ਹੋਵੇਗਾ :

- "ਜਿਵੇਂ ਸਵਰਗ ਵਿਚ ਹੈ" – "**ਧਾਰਮਿਕਤਾ**, **ਸ਼ਾਂਤੀ** ਅਤੇ **ਆਨੰਦ**"।

## ਪਰਮੇਸ਼ੁਰ ਦੇ ਰਾਜ ਵਿੱਚ ਬਣੇ ਰਹਿਣ ਲਈ ਲਾਜ਼ਮੀ ਸਿਧਾਂਤ:

### I. ਜਿਵੇਂ ਉਹ ਚੱਲਿਆ ਲਾਜ਼ਮੀ ਹੈ ਕਿ ਅਸੀਂ ਵੀ ਉਵੇਂ ਹੀ ਚੱਲੀਏ:

1 ਯੂਹੰਨਾ 2:6 ਉਹ ਜਿਹੜਾ ਆਖਦਾ ਹੈ ਭਈ ਮੈਂ ਓਸ ਵਿੱਚ ਕਾਇਮ ਰਹਿੰਦਾ ਹਾਂ ਤਾਂ ਚਾਹੀਦਾ ਹੈ ਭਈ ਜਿਵੇਂ ਉਹ ਚੱਲਦਾ ਸੀ ਤਿਵੇਂ ਆਪ ਵੀ ਚੱਲੇ।

1 ਪਤਰਸ 2:21-23 ਕਿਉਂ ਜੋ ਤੁਸੀਂ ਇਸੇ ਕਾਰਨ ਸੱਦੇ ਗਏ ਇਸ ਲਈ ਜੋ ਮਸੀਹ ਵੀ ਤੁਹਾਡੇ ਨਮਿੱਤ **ਦੁੱਖ ਝੱਲ ਕੇ ਇੱਕ ਨਮੂਨਾ ਤੁਹਾਡੇ ਲਈ ਛੱਡ ਗਿਆ ਭਈ ਤੁਸੀਂ ਉਹ ਦੀ ਪੈੜ ਉੱਤੇ ਤੁਰੋ।** (22) ਉਹ ਨੇ **ਕੋਈ ਪਾਪ ਨਹੀਂ** ਕੀਤਾ, ਨਾ ਉਹ ਦੇ ਮੂੰਹ ਵਿੱਚੋਂ **ਵਲ ਛਲ** ਦੀ ਗੱਲ ਨਿੱਕਲੀ। (23) ਉਹ ਗਾਲੀਆਂ ਖਾ ਕੇ **ਗਾਲੀ ਨਾ ਦਿੰਦਾ** ਸੀ ਅਤੇ ਦੁੱਖ ਪਾ ਕੇ **ਦਬਕਾ ਨਾ ਦਿੰਦਾ ਸੀ** ਸਗੋਂ ਆਪਣੇ ਆਪ ਨੂੰ ਉਹ ਦੇ ਹੱਥ ਸੌਂਪਦਾ ਸੀ ਜਿਹੜਾ ਜਥਾਰਥ ਨਿਆਉਂ ਕਰਦਾ ਹੈ।

ਯੂਹੰਨਾ 12:26 ਜੇ ਕੋਈ ਮੇਰੀ ਸੇਵਾ ਕਰੇ ਤਾਂ **ਮੇਰੇ ਪਿੱਛੇ ਹੋ ਤੁਰੇ** ਅਰ ਜਿੱਥੇ ਮੈਂ ਹਾਂ ਮੇਰਾ ਸੇਵਕ ਭੀ ਉੱਥੇ ਹੋਵੇਗਾ। **ਜੇ ਕੋਈ ਮੇਰੀ ਸੇਵਾ ਕਰੇ ਤਾਂ ਪਿਤਾ ਉਹ ਦਾ ਆਦਰ ਕਰੇਗਾ।**

ਚੇਲਿਆਂ ਨੇ ਪਾਲਣਾ ਕੀਤੀ, ਉਸਦੇ ਪਿੱਛੇ ਚੱਲੇ ਅਤੇ ਉਨ੍ਹਾਂ ਦਾ ਆਦਰ ਹੋਇਆ :
ਤਦ ਪਤਰਸ ਨੇ ਕਿਹਾ, ਵੇਖ ਅਸੀਂ ਆਪਣਾ ਸੱਭੋ ਕੁਝ ਛੱਡ ਕੇ ਤੇਰੇ ਮਗਰ ਹੋ ਤੁਰੇ ਹਾਂ। (29) ਤਾਂ ਉਸ ਨੇ ਉਨ੍ਹਾਂ ਨੂੰ ਕਿਹਾ, ਮੈਂ ਤੁਹਾਨੂੰ ਸਤ ਆਖਦਾ ਹਾਂ ਭਈ ਅਜਿਹਾ ਕੋਈ ਨਹੀਂ ਕਿ ਜਿਹ ਨੇ ਘਰ ਯਾ ਪਤਨੀ ਯਾ ਭਾਈਆਂ ਯਾ ਮਾਪਿਆਂ ਯਾ ਬਾਲ ਬੱਚਿਆਂ ਨੂੰ **ਪਰਮੇਸ਼ੁਰ ਦੇ ਰਾਜ** ਦੇ ਕਾਰਨ ਛੱਡਿਆ ਹੈ। (30) ਜਿਹੜਾ ਇਸ **ਸਮੇ ਵਿੱਚ ਬਹੁਤ ਗੁਣਾ ਅਤੇ ਅਗਲੇ ਜੁਗ ਵਿੱਚ ਸਦੀਪਕ ਜੀਉਣ ਨਾ ਪਾਵੇ**। ਲੂਕਾ 18:28-30

### II. ਸਾਡੇ ਲਈ ਲਾਜ਼ਮੀ ਹੈ ਕਿ ਅਸੀਂ ਦੇਣ ਵਾਲਾ ਜੀਵਨ ਕੱਟੀਏ

**ਰਾਜ ਦਾ ਸਿਧਾਂਤ** ਹੈ ਕਿ ਪਹਿਲਾਂ ਦੇਵੋ ਅਤੇ ਫਿਰ ਤੁਹਾਨੂੰ ਦਿੱਤਾ ਜਾਵੇਗਾ (ਲੂਕਾ 6:38)। ਇਸ ਜਗਤ ਦਾ ਸਿਧਾਂਤ ਹੈ "ਪਹਿਲਾਂ ਪ੍ਰਾਪਤ ਕਰੀਏ, ਲੈ ਲਈਏ, ਇਸ ਨੂੰ ਸਾਂਭ ਲਈਏ ਅਤੇ ਫਿਰ ਹੋਰ ਪ੍ਰਾਪਤ ਕਰੀਏ।"

ਪਰਮੇਸ਼ੁਰ ਦੇ ਰਾਜ ਵਿੱਚ ਤੁਸੀਂ: ਹਾਰਨ ਦੁਆਰਾ ਜਿੱਤਦੇ ਹੋ/ ਮਰਨ ਦੁਆਰਾ ਜਿਉਂਦੇ ਹੋ/ ਦੇਣ ਦੁਆਰਾ ਪ੍ਰਾਪਤ ਕਰਦੇ ਹੋ/ ਨੀਵੇਂ ਹੋਣ ਦੁਆਰਾ ਉੱਚੇ ਹੁੰਦੇ ਹੋ।

ਯਿਸੂ ਮਸੀਹ ਅੱਗੇ ਦਿੱਤੇ ਗਿਆਂ ਦੀ ਮਹੱਤਤਾ ਅਤੇ ਲੋੜ ਨੂੰ ਜਾਹਰ ਕਰਦੇ ਹਨ: ਪ੍ਰਭੂ, ਰਾਜੇ ਦਾ ਕੰਮ ਕਰਨ ਲਈ ਵਿਸ਼ਵਾਸਯੋਗਤਾ ਅਤੇ ਵਫ਼ਾਦਾਰੀ।

ਲੂਕਾ 12:42 ਪ੍ਰਭੂ ਨੇ ਅੱਗੋਂ ਆਖਿਆ, **ਉਹ ਮਾਤਬਰ** ਅਤੇ ਬੁੱਧਵਾਨ **ਮੁਖ਼ਤਿਆਰ ਕੌਣ ਹੈ** ਜਿਹ ਨੂੰ ਮਾਲਕ ਆਪਣੇ ਨੌਕਰਾਂ ਚਾਕਰਾਂ ਉੱਤੇ ਠਹਿਰਾਵੇ ਭਈ ਵੇਲੇ ਸਿਰ ਉਨ੍ਹਾਂ ਨੂੰ ਰਸਤ ਦੇਵੇ?

ਲੂਕਾ 16:10-13 **ਜੋ** ਥੋੜੇ ਤੋਂ ਥੋੜੇ ਵਿੱਚ **ਦਿਆਨਤਦਾਰ** ਹੈ ਸੋ ਬਹੁਤ ਵਿੱਚ ਵੀ ਦਿਆਨਤਦਾਰ (ਇਮਾਨਦਾਰ = ਧਰਮੀ) ਹੈ, ਅਤੇ ਜੋ ਥੋੜੇ ਤੋਂ ਥੋੜੇ ਵਿੱਚ ਬੇਈਮਾਨ ਹੈ ਸੋ ਬਹੁਤ ਵਿੱਚ ਵੀ ਬੇਈਮਾਨ ਹੈ। (11) ਸੋ ਜੇ ਤੁਸੀਂ ਕੁਧਰਮ ਦੀ ਮਾਯਾ ਵਿੱਚ **ਦਿਆਨਤਦਾਰ** ਨਾ ਹੋਏ ਤਾਂ ਸੱਚਾ ਧਨ ਕੌਣ ਤੁਹਾਨੂੰ ਸੌਂਪੇਗਾ? (12) ਅਰ ਜੇ ਤੁਸੀਂ ਪਰਾਏ ਮਾਲ ਵਿੱਚ **ਦਿਆਨਤਦਾਰ** ਨਾ ਹੋਏ ਤਾਂ ਤੁਹਾਡਾ ਆਪਣਾ ਹੀ ਕੌਣ ਤੁਹਾਨੂੰ ਦੇਵੇਗਾ?

ਰਾਜ ਦੇ ਸਿਧਾਂਤਾ ਦੁਆਰਾ ਇਮਾਨਦਾਰੀ ਨਾਲ ਜੀਣਾ ਤੁਹਾਡੇ ਦੁਆਲੇ ਧਰਤੀ ਦੇ ਰਾਜ ਵਿੱਚ ਅਧਿਕ ਸਮੇਂ ਤੱਕ ਬਦਲਾਹਟ ਪੈਦਾ ਕਰੇਗਾ। ਇਹ ਰਾਜੇ ਦਾਊਦ ਦੇ ਕੰਮਾਂ ਦੁਆਰਾ ਪਰਗਟ ਕੀਤਾ ਗਿਆ ਹੈ।

1 ਸੈਮੂਏਲ 30:23-25 ਤਾਂ ਦਾਊਦ ਬੋਲਿਆ, ਜੋ ਪਰਮੇਸ਼ੁਰ ਨੇ ਸਾਨੂੰ ਦਿੱਤਾ ਹੈ . . . ਜਿਵੇਂ ਜਿਹੜਾ ਕੋਈ ਲੜਾਈ ਵਿੱਚ ਜਾਂਦਾ ਹੈ, ਜੇਹੀ ਵੰਡ ਉਹ ਨੂੰ ਮਿਲਦੀ ਹੈ ਤੇਹਾ ਹੀ ਜਿਹੜਾ ਕੋਈ ਡੇਰੇ ਵਿੱਚ ਰਹੇ ਮਿਲੇਗੀ। ਦੋਹਾਂ ਦੀ ਇੱਕੋ ਜੇਹੀ ਵੰਡ ਹੋਵੇਗੀ। (25) ਸੋ ਉਸ ਦਿਨ ਤੋਂ ਉਸ ਨੇ ਇਸਰਾਏਲ ਦੇ ਲਈ ਇਹ ਬਿਧੀ ਅਤੇ ਹੁਕਮ ਠਹਿਰਾ ਦਿੱਤਾ ਜੋ ਅੱਜ ਤੋੜੀ ਹੈ।

ਇਸੇ ਪ੍ਰਕਾਰ ਯਿਸੂ ਨੇ ਬਿਨ੍ਹਾਂ ਭੇਦ ਭਾਵ ਸਾਰਿਆਂ ਨੂੰ ਚੰਗਾ ਕੀਤਾ ਅਤੇ ਸਾਰਿਆਂ ਨੂੰ ਰਜਾਇਆ। ਜਾਂ, ਦੂਸਰੇ ਸ਼ਬਦਾਂ ਵਿੱਚ, ਸਾਰਿਆਂ ਲਈ ਰਾਜ ਦੀਆਂ ਬਰਕਤਾਂ ਉਸ ਵਿੱਚੋਂ ਬਹਿੰਦੀਆਂ ਹਨ।

ਮੱਤੀ 10:8 ਰੋਗੀਆਂ ਨੂੰ ਚੰਗਾ ਕਰੋ, ਮੁਰਦਿਆਂ ਨੂੰ ਜਿਵਾਲੋ, ਕੋੜ੍ਹੀਆਂ ਨੂੰ ਸ਼ੁੱਧ ਕਰੋ, ਭੂਤਾਂ ਨੂੰ ਕੱਢੋ। ਤੁਸਾਂ ਮੁਫ਼ਤ ਲਿਆ ਹੈ, ਮੁਫ਼ਤ ਹੀ ਦਿਓ।

ਰਾਜ ਦੇ ਸਿਧਾਤਾਂ ਦੁਆਰਾ ਜੀਣਾ ਅਤੇ ਬਰਕਤਾਂ ਨੂੰ ਪ੍ਰਾਪਤ ਕਰਨਾ ਉਨ੍ਹਾਂ ਲਈ ਸ਼ਕਤੀਸ਼ਾਲੀ ਗਵਾਹੀ ਹੈ ਜੋ ਸਾਡੇ ਆਲੇ ਦੁਆਲੇ ਰਹਿੰਦੇ ਹਨ, ਸਾਡੇ ਸਮਾਜ ਲਈ, ਜੋ ਉਨ੍ਹਾਂ ਤਰੀਕਿਆਂ ਨੂੰ ਬਦਲ ਸਕਦੀ ਹੈ ਜਿਸ ਦੁਆਰ ਹਰ ਵਿਅਕਤੀ ਚੱਲਦਾ ਹੈ ਅਤੇ ਇੱਕ ਦੂਸਰੇ ਨੂੰ ਜਵਾਬ ਦਿੰਦਾ ਹੈ।

**ਵਿਸ਼ਵਾਸਯੋਗਤਾ** – ਜੋ ਕੁੱਝ ਤੁਹਾਡੇ ਕੋਲ ਹੈ ਅਤੇ ਜੋ ਕੁੱਝ ਤੁਸੀਂ ਉਸ ਨਾਲ ਕਰਦੇ ਹੋ ਓਹੀ ਤੁਹਾਡੇ ਲਈ ਇਨਾਮ ਦੀ ਕੁੰਜੀ ਹੈ।

> ਇਬਰਾਨੀਆਂ 11:6 ਅਤੇ **ਨਿਹਚਾ ਬਾਝੋਂ** ਉਹ ਦੇ ਮਨ ਨੂੰ ਭਾਉਣਾ ਅਣਹੋਣਾ ਹੈ ਕਿਉਂਕਿ ਜਿਹੜਾ ਪਰਮੇਸ਼ੁਰ ਦੀ ਵੱਲ ਆਉਂਦਾ ਹੈ ਉਹ ਨੂੰ ਪਰਤੀਤ ਕਰਨੀ ਚਾਹੀਦੀ ਹੈ ਭਈ ਉਹ ਹੈ, ਨਾਲੇ ਇਹ ਭਈ ਉਹ ਆਪਣਿਆਂ ਤਾਲਿਬਾਂ ਦਾ **ਫਲ-ਦਾਤਾ** ਹੈ।

**ਮਿਹਨਤ** - ਹਰ ਕੰਮ ਨੂੰ ਯਹੋਵਾਹ ਵੱਲੋਂ ਵਿਸ਼ੇਸ਼ ਕੰਮ ਵਜੋਂ ਦੇਖਣਾ ਅਤੇ ਇਸ ਨੂੰ ਪੂਰਾ ਕਰਨ ਲਈ ਆਪਣੀਆਂ ਸਾਰੀਆਂ ਊਰਜਾਵਾਂ ਦੀ ਵਰਤੋਂ ਕਰਨਾ।

> ਕੁਲੁੱਸੀਆਂ 3:23 ਜੋ ਕੁਝ ਤੁਸੀਂ ਕਰੋ ਸੋ ਚਿੱਤ ਲਾ ਕੇ ਪ੍ਰਭੂ ਦੇ ਲਈ ਕਰੋ, ਨਾ ਮਨੁੱਖਾਂ ਦੇ ਲਈ।

**ਜ਼ਿੰਮੇਵਾਰੀ** –ਉਸ ਨੂੰ ਕਰਨਾ ਅਤੇ ਜਾਣਣਾ ਜੋ ਪਰਮੇਸ਼ੁਰ ਅਤੇ ਦੂਸਰੇ ਮੇਰੇ ਤੋਂ ਆਸ ਕਰਦੇ ਹਨ।

ਰੋਮੀਆਂ 14:12 ਸੋ ਸਾਡੇ ਵਿੱਚੋਂ ਹਰੇਕ ਨੇ ਪਰਮੇਸ਼ੁਰ ਨੂੰ ਆਪੋ ਆਪਣਾ ਲੇਖਾ ਦੇਣਾ ਹੈ।

ਮਰਕੁਸ 1:15 ਸਮਾ ਪੂਰਾ ਹੋਇਆ ਅਤੇ **ਪਰਮੇਸ਼ੁਰ ਦਾ ਰਾਜ** ਨੇੜੇ ਆ ਗਿਆ ਹੈ। **ਤੋਬਾ ਕਰੋ** ਅਤੇ ਖੁਸ਼ ਖਬਰੀ ਉੱਤੇ ਪਰਤੀਤ ਕਰੋ।

- ਤੋਬਾ ਦਾ ਮਤਲਬ – ਆਪਣੇ ਮਨ ਨੂੰ ਬਦਲੋ, ਆਪਣੇ ਸੋਚਣ ਦੇ ਤਰੀਕੇ ਨੂੰ ਬਦਲੋ।

ਮਰਕੁਸ 4:26-34 ਫੇਰ ਉਹ ਨੇ ਆਖਿਆ, **ਪਰਮੇਸ਼ੁਰ ਦਾ ਰਾਜ** ਇਹੋ ਜਿਹਾ ਹੈ ਜਿਹਾ ਕੋਈ ਮਨੁੱਖ ਜਮੀਨ ਵਿੱਚ **ਬੀ ਪਾਵੇ।** (27) ਅਤੇ ਰਾਤ ਦਿਨ ਸੌਂਵੇ ਉੱਠੇ ਅਤੇ ਉਹ ਬੀ ਉੱਗ ਪਵੇ ਅਰ ਵਧੇ ਪਰ ਉਹ ਨਾ ਜਾਣੇ ਕਿਸ ਤਰਾਂ। (28) ਜਮੀਨ ਤਾਂ ਆਪੇ ਆਪ ਫਲ ਲਿਆਉਂਦੀ ਹੈ, ਪਹਿਲਾਂ ਅੰਗੂਰੀ, ਫੇਰ ਸਿੱਟਾ, ਫੇਰ ਸਿੱਟੇ ਵਿੱਚ ਸਾਬਤ ਦਾਣੇ। (29) ਅਰ ਜਾਂ ਫਲ ਪੱਕੇ ਤਾਂ ਉਹ ਝੱਟ ਦਾਤੀ ਲਾਉਂਦਾ ਹੈ ਕਿਉਂ ਜੋ ਵਾਢੀ ਦਾ ਵੇਲਾ ਆ ਗਿਆ।

ਰਾਈ ਦੇ ਦਾਣੇ ਦਾ ਦ੍ਰਿਸ਼ਟਾਂਤ : ਮਰਕੁਸ 4:30-32
ਫੇਰ ਉਹ ਨੇ ਕਿਹਾ, ਅਸੀਂ **ਪਰਮੇਸ਼ੁਰ ਦੇ ਰਾਜ** ਨੂੰ ਕਿਹ ਦੇ ਵਰਗਾ ਦੱਸੀਏ ਯਾ ਉਹ ਦੇ ਲਈ ਕਿਹੜਾ ਦ੍ਰਿਸ਼ਟਾਂਤ ਦੇਈਏ?
(31) ਉਹ **ਇੱਕ ਰਾਈ ਦੇ ਦਾਣੇ ਵਰਗਾ** ਹੈ ਕਿ ਜਦ ਜਮੀਨ ਵਿੱਚ ਬੀਜਿਆ ਜਾਂਦਾ ਹੈ ਜਮੀਨ ਦੇ ਸਭਨਾਂ ਬੀਆਂ ਨਾਲੋਂ ਛੋਟਾ ਹੈ।
(32) ਪਰ ਜਦ ਬੀਜਿਆ ਗਿਆ ਤਦ ਉੱਗਦਾ ਹੈ ਅਤੇ ਸਾਰੀਆਂ ਸਬਜ਼ੀਆਂ ਨਾਲੋਂ ਵੱਡਾ ਹੋ ਜਾਂਦਾ ਹੈ ਅਤੇ ਅਜਿਹੀਆਂ ਵੱਡੀਆਂ ਟਹਿਣੀਆਂ ਫੁੱਟਦੀਆਂ ਹਨ ਜੋ ਅਕਾਸ਼ ਦੇ ਪੰਛੀ ਉਹ ਦੀ ਛਾਇਆ ਵਿੱਚ ਵਸੇਰਾ ਕਰ ਸੱਕਦੇ ਹਨ।

ਲੂਕਾ 7:28 ਪਰ ਮੈਂ ਤੁਹਾਨੂੰ ਆਖਦਾ ਹਾਂ ਕਿ ਜਿਹੜੇ ਇਸਤਰੀਆਂ ਤੋਂ ਜੰਮੇ ਉਨ੍ਹਾਂ ਵਿੱਚੋਂ ਯੂਹੰਨਾ ਨਾਲੋਂ ਵੱਡਾ ਕੋਈ ਨਹੀਂ, ਪਰ ਜੋ **ਪਰਮੇਸ਼ੁਰ ਦੇ ਰਾਜ** ਵਿੱਚ ਛੋਟਾ ਹੈ ਸੋ ਉਸ ਤੋਂ ਵੱਡਾ ਹੈ।

ਮੱਤੀ 5:3 ਧੰਨ ਓਹ ਜਿਹੜੇ **ਦਿਲ* ਦੇ ਗ਼ਰੀਬ** ਹਨ ਕਿਉਂ ਜੋ ਸੁਰਗ ਦਾ **ਰਾਜ** ਉਨ੍ਹਾਂ ਦਾ ਹੈ। *ਦੀਨ –ਘੁਮੱਡੀ ਅਤੇ ਹੰਕਾਰੀ ਨਹੀਂ

ਮੱਤੀ 5: 10 ਧੰਨ ਓਹ ਜਿਹੜੇ **ਧਰਮ** ਦੇ ਕਾਰਨ **ਸਤਾਏ ਗਏ** ਹਨ ਕਿਉਂ ਜੋ ਸੁਰਗ ਦਾ ਰਾਜ ਉਨ੍ਹਾਂ ਦਾ ਹੈ।

1 ਪਤਰਸ 3:14 ਪਰ ਜੇ ਤੁਹਾਨੂੰ ਧਰਮ ਦੇ ਕਾਰਨ **ਦੁੱਖ ਮਿਲੇ** ਤਾਂ ਧੰਨ ਹੋ!
ਉਨ੍ਹਾਂ ਦੇ ਡਰਾਉਣ ਤੋਂ ਨਾ ਡਰੋ ਅਤੇ ਨਾ ਘਬਰਾਓ।

ਮੱਤੀ 19:14 ਤਦ ਯਿਸੂ ਨੇ ਆਖਿਆ, **ਬਾਲਕਾਂ** ਨੂੰ ਕੁਝ ਨਾ ਆਖੋ ਅਰ ਉਨ੍ਹਾਂ ਨੂੰ ਮੇਰੇ ਕੋਲ ਆਉਣ ਤੋਂ ਨਾ ਵਰਜੋ ਕਿਉਂ ਜੋ ਸੁਰਗ ਦਾ **ਰਾਜ** ਇਹੋ ਜਿਹਿਆਂ **ਦਾ ਹੈ**।

ਮੱਤੀ 25: 34 ਹੇ ਮੇਰੇ ਪਿਤਾ ਦੇ ਮੁਬਾਰਕ ਲੋਕੋ ਆਓ! ਜਿਹੜਾ **ਰਾਜ** ਸੰਸਾਰ ਦੇ ਮੁੱਢੋਂ ਤੁਹਾਡੇ ਲਈ ਤਿਆਰ ਕੀਤਾ ਹੋਇਆ ਹੈ ਉਹ ਦੇ **ਵਾਰਸ ਹੋਵੋ**।

ਲੂਕਾ 22:29-30  ਜਿਵੇਂ ਮੇਰੇ ਪਿਤਾ ਨੇ ਮੇਰੇ ਲਈ ਇੱਕ ਰਾਜ ਠਹਿਰਾਇਆ ਹੈ ਤਿਵੇਂ ਮੈਂ ਤੁਹਾਡੇ ਲਈ ਠਹਿਰਾਉਂਦਾ ਹਾਂ। ਤਾਂ ਜੋ ਤੁਸੀਂ **ਮੇਰੇ ਰਾਜ ਵਿੱਚ** ਮੇਰੀ ਮੇਜ਼ ਉੱਤੇ ਖਾਓ ਪੀਓ।

ਇਬਰਾਨੀਆਂ 12:28-29 ਸੋ ਜਦੋਂ **ਸਾਨੂੰ ਇੱਕ ਰਾਜ ਮਿਲਿਆ** ਜਿਹੜਾ ਹਿਲਾਇਆ ਨਹੀਂ ਜਾਂਦਾ ਤਾਂ ਆਓ, ਅਸੀਂ **ਧੰਨਵਾਦ ਕਰੀਏ** ਜਿਸ ਕਰਕੇ ਅਸੀਂ **ਭਗਤੀ ਅਤੇ ਭੈ** ਨਾਲ ਪਰਮੇਸ਼ੁਰ ਦੀ ਉਹ ਉਪਾਸਨਾ ਕਰੀਏ ਜੋ ਉਹ ਦੇ ਮਨ ਭਾਵੇ, ਕਿਉਂ ਜੋ ਸਾਡਾ ਪਰਮੇਸ਼ੁਰ ਭਸਮ ਕਰਨ ਵਾਲੀ ਅੱਗ ਹੈ।